ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995824531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

YouTube https://youtu.be/LQwolgxDu7l

awazeqaumtvpunjab@gmail.com

ਵੀਰਵਾਰ, 1 ਜਨਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੧੮ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243


## ‘ਆਵਾਜ਼ਿ ਕੌਮ’ ਦੇ ਸਮੂਹ ਪਾਠਕਾਂ ਅਤੇ ਦੇਸ਼-ਵਿਦੇਸ਼ ’ਚ ਵਸਦੀਆਂ ਸੰਗਤਾਂ ਨੂੰ

# ਨਵੇਂ ਵਰ੍ਹੇ 2026 ਦੀਆਂ ਲੱਖ-ਲੱਖ ਮੁਬਾਰਕਾਂ



ਆਵਾਜ਼ਿ ਕੌਮ
AWAZE QAUM
International Newspaper & WEB TV

# ਚੜ੍ਹਦੇ ਸਾਲ ਦਾ ਸ਼ਹੀਦ !

# ਜੱਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਜੀ ਦੀ ਸ਼ਹੀਦੀ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ

## ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਗੁਰਦੇਵ ਸਿੰਘ ਕਉਕੇ ਦੀ ਸ਼ਹੀਦੀ

25 ਦਸੰਬਰ 1992 ਜਗਰਾਉਂ ਦੇ ਨੇੜੇ ਪ੍ਰਸਿੱਧ ਪਿੰਡ ਕਾਉਂਕੇ ਦੇ ਗੁਰਦੁਆਰਾ ਸਾਹਿਬ ਸਥਾਨਕ ਸੰਗਤ ਜਦੋਂ ਗੁਰਦੁਆਰਾ ਸਾਹਿਬ ਦੇ ਅੰਦਰੋਂ ਭਾਈ ਗੁਰਦੇਵ ਸਿੰਘ ਕਾਉਂਕੇ ਤੋਂ ਗੁਰ ਸ਼ਬਦ ਦੀ ਕਥਾ ਸਰਵਣ ਕਰ ਰਹੀ ਸੀ ਤਾਂ ਓਸੇ ਹੀ ਸਮੇਂ ਪੁਲਿਸ ਦੀ ਇਕ ਟੋਲੀ ਗੁਰਦੁਆਰਾ ਸਾਹਿਬ ਨੂੰ ਚਾਰ –ਪਾਸਿਓਂ ਘੇਰਨ ਲੱਗੀ ਹੋਈ ਸੀ।

ਸਮਾਪਤੀ ਪਿਛੋਂ ਜਿਉ ਹੀ ਸੰਗਤਾਂ ਦੇ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲੇ ਤਾਂ ਪੁਲਿਸ ਦੀ ਟੋਲੀ ਨੇ ਅੱਗੇ ਵਧ ਕੇ ਭਾਈ ਕਾਉਂਕੇ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ ।ਪਿੰਡ ਦੇ ਲੋਕ ਰੋਹ ਵਿੱਚ ਆ ਗਏ ।ਦਿੱਲੀ ਤਖਤ ਤੋਂ ਵੀ ਵੱਡੇ ਤਖਤ ਦੇ ਜਥੇਦਾਰ ਨੂੰ ਹਿੰਦੁਸਤਾਨੀ ਪੁਲਿਸ ਦੀ ਟੋਲੀ ਅਜ ਗ੍ਰਿਫਤਾਰ ਕਰਨ ਆਈ ਸੀ।

ਭਾਈ ਕਾਉਂਕੇ ਨੇ ਸੰਗਤ ਨੂੰ ਸ਼ਾਂਤ ਕੀਤਾ ਅਤੇ ਸ਼ਾਂਤ ਚਿੱਤ ਹੀ ਪੁਲਿਸ ਨਾਲ ਤੁਰ ਪਏ ਭਾਈ ਕਾਉਂਕੇ ਦਾ ਇਲਾਕੇ ਦੀ ਸੰਗਤ ਅਥਾਹ ਸਤਿਕਾਰ ਕਰਦੀ ਸੀ ।

ਇਲਾਕੇ ਦੇ ਝਗੜੇ ਅਦਾਲਤਾਂ ਵਿੱਚ ਨਹੀਂ ਸੀ ਜਾਂਦੇ ਬਲਕਿ ਭਾਈ ਸਾਹਿਬ ਕੋਲ ਆਉਂਦੇ ਸਨ ਤੇ ਉਹ ਹਰ ਮਸਲੇ ਦਾ ਵਧੀਆ ਹਲ ਕਢ ਕੇ ਇਹ ਝਗੜੇ ਨਿਬੇੜਦੇ ਸਨ ।ਸਾਇਦ ਇਸੇ ਹੀ ਕਾਰਨ ਹਕੂਮਤ ਦੇ ਵਫਾਦਾਰ ਕਰਿੰਦੇ ਆਪ ਉੱਪਰ ਦੰਦੀਆਂ ਪੀਹ ਰਹੇ ਸਨ ।ਭਾਈ ਸਾਹਿਬ ਨੂੰ ਗ੍ਰਿਫਤਾਰ ਕਰਨ ਵਾਲੀ ਟੋਲੀ ਦੀ ਅਗਵਾਈ ਇੰਸਪੈਕਟਰ ਗੁਰਮੀਤ ਸਿੰਘ ਕਰ ਰਿਹਾ ਸੀ।

ਪਰਿਵਾਰ ਅਤੇ ਹੋਰ ਸਥਾਨਕ ਸਿੱਖ ਲੀਡਰ ਜਦੋਂ ਭਾਈ ਸਾਹਿਬ ਦਾ ਪਤਾ ਕਰਨ ਲਈ ਥਾਣਿਆਂ ਵਿਚ ਜਾਣ ਲੱਗੇ ਤਾਂ ਉਹਨਾਂ ਵਿਚੋਂ ਕਿਸੇ ਨੂੰ ਵੀ ਭਾਈ ਸਾਹਿਬ ਨਾਲ ਨਾ ਮਿਲਾਇਆ ਗਿਆ

ਇਹਨਾਂ ਦਿਨਾਂ ਵਿੱਚ ਭਾਈ ਸਾਹਿਬ ਉੱਪਰ ਜੋ ਕਹਿਰ ਢਾਹਿਆ ਗਿਆ ਉਸ ਬਾਰੇ ਭਾਂਡਾ ਸਿਪਾਹੀ ਦਰਸ਼ਨ ਸਿੰਘ ਨੇ ਭੰਨਿਆ।

ਭਾਈ ਗੁਰਦੇਵ ਸਿੰਘ ਕਾਉਂਕੇ ਉੱਪਰ ਤਸ਼ੱਦਦ ਦੀ ਅੱਖੀ ਡਿੱਠੀ ਗਾਥਾ ਨੂੰ ਬਿਆਨ ਕਰਦਿਆਂ ਸਿਪਾਹੀ ਦਰਸ਼ਨ ਸਿੰਘ ਦੱਸਦਾ ਹੈ,,,,

ਮੇਰੇ ਸਾਹਮਣੇ ਐਸ ਐਸ ਪੀ ਸਵਰਨ ਘੋਟਣਾ ਕੁਰਸੀ ਤੇ ਬੈਠਾ ਸੀ। ਡੀ ਐਸ ਪੀ ਹਰਭਗਵਾਨ ਸੋਢੀ ਤੇ ਇੰਸਪੈਕਟਰ ਗੁਰਮੀਤ ਵੀ ਖੜੇ ਸੀ ।ਜਦ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਨਿਰਵਸਤਰ ਕਰ ਕੇ ਹਥ ਪਿੱਛੇ ਬੰਨ ਕੇ ਛਤ ਨਾਲ ਲਟਕਾਇਆ ਹੋਇਆ ਸੀ,ਘੋਟਣੇ ਦਾ ਡਰਾਈਵਰ ਚੰਨਣ ਸਿੰਘ ਭਾਈ ਸਾਹਿਬ ਦੇ ਗਿਟਿਆ ਤੇ ਡਾਂਗਾਂ ਮਾਰ ਰਿਹਾ ਸੀ ਪਰ ਪੰਥ ਦੀ ਇਹ ਸਿਰਮੌਰ ਸਖਸ਼ੀਅਤ ਅੱਖਾਂ ਬੰਦ ਕਰ ਕੇ ਸਿਮਰਨ ਚ ਲੀਨ ਸੀ ਇੰਸਪੈਕਟਰ ਗੁਰਮੀਤ ਨੇ ਭਾਈ ਸਾਹਿਬ ਨੂੰ ਕੇਸਾਂ ਤੋ ਫੜ ਲਿਆ ਤੇ ਪਿੱਠ ਪਿੱਛੇ ਬੰਨੀਆ ਬਾਹਵਾਂ ਵਿਚੋਂ ਲੱਤ ਲੰਘਾ ਲਈ ।ਫਿਰ ਚੰਨਣ ਤੇ ਡੀ ਐਸ ਪੀ ਹਰਭਗਵਾਨ ਸੋਢੀ ਨੇ ਖੁਦ ਭਾਈ ਸਾਹਿਬ ਦੀਆਂ ਲੱਤਾਂ ਖਿੱਚਣੀਆਂ ਅਰੰਭ ਕੀਤੀਆਂ ।ਇਸ ਤਰ੍ਹਾਂ ਦੇ ਅਥਾਹ ਤਸ਼ੱਦਦ ਵਿੱਚ ਵੀ ਭਾਈ ਗੁਰਦੇਵ ਸਿੰਘ ਕਾਉਂਕੇ ਚੜ੍ਹਦੀ ਕਲਾ ਵਿਚ ਸਨ ।ਘੋਟਣਾ ਵਾਰ ਵਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੁਛਦਾ ਸੀ ਕਿ ਲੋਕਾਂ ਚ ਤੂੰ ਕਚਹਿਰੀ ਕਿਸ ਹੈਸੀਅਤ ਚ ਲਾਉਨੈਂ ਤੇਰੇ ਖਾੜਕੂਆਂ ਨਾਲ ਜਰੂਰ ਸੰਬੰਧ ਹਨ ਫਿਰ ਪੁਲਿਸ ਮੁਲਾਜ਼ਮ ਦਰਸ਼ਨ ਸਿੰਘ ਦੱਸਦਾ ਹੈ ਕਿ ਤਸ਼ੱਦਦ ਨਾਲ ਭਾਈ ਗੁਰਦੇਵ ਸਿੰਘ ਕਾਉਂਕੇ ਦਾ ਸਰੀਰ ਨੀਲਾ ਹੋ ਗਿਆ ਸੀ ।ਉਹ ਸਹਿਕ ਰਹੇ ਸਨ ਜਦੋਂ ਉਹਨਾਂ ਦੇ ਸਰੀਰ ਦੇ ਟੋਟੇ ਟੋਟੇ ਕਰ ਕੇ ਘੋਟਣੇ ਦੀ ਅਗਵਾਈ ਵਿੱਚ 1 ਜਨਵਰੀ 1993 ਨੂੰ ਹਿੰਦੁਸਤਾਨੀ ਫੋਰਸਾਂ ਨੇ ਕੰਨੀਆਂ ਗੁਰਦੁਆਰਾ ਸਾਹਿਬ ਕੋਲ ਦਰਿਆ ਵਿਚ ਰੋੜ ਦਿੱਤੇ 3 ਜਨਵਰੀ 1993 ਨੂੰ ਹਿੰਦੁਸਤਾਨੀ ਫੋਰਸਾਂ ਨੇ ਐਲਾਨ ਕੀਤਾ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਪੁਲਿਸ ਦੀ ਹਿਰਾਸਤ ਵਿਚੋਂ ਫਰਾਰ ਹੋ ਗਏ ਹਨ ਜਦ ਕਿ ਸਿੰਘ ਸਾਹਿਬ ਨੂੰ ਪੁਲਿਸ ਨੇ ਸ਼ਹੀਦ ਕਰ ਦਿੱਤਾ ਸੀ। ਅਸੀਂ ਉਸ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਆਂ।



ਆਵਾਜ਼ਿ ਕੌਮ
AWAZE QAUM
International Newspaper & WEB TV

## ਅਠਾਰਵੀਂ ਸਦੀ ਦੇ ਕਿਸੇ ਮਹਾਨ ਸ਼ਹੀਦ ਦੀ ਰੂਹ ਸਨ ਜੱਥੇਦਾਰ ਸਾਹਿਬ

# ਜੱਥੇਦਾਰ ਕਾਉਂਕੇ ਹੀ ਪੰਥ ਰਤਨ ਅਤੇ ਫਖਰੇ ਕੌਮ ਦੇ ਹੱਕਦਾਰ ਹਨ

**ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**



ਭਾਈ ਅਮਰੀਕ ਸਿੰਘ ਮੁਕਤਸਰ

ਜੱਥੇਦਾਰ ਭਾਈ ਗੁਰਦੇਵ ਸਿੰਘ ਕਾਉਕੇ ਅਠਾਰਵੀਂ ਸਦੀ ਦੇ ਕਿਸੇ ਮਹਾਨ ਸ਼ਹੀਦ ਸਿੰਘ ਦੀ ਰੂਹ ਜਾਪਦੇ ਸਨ,ਜਿਹਨਾਂ ਨੇ ਵੀਹਵੀਂ ਸਦੀ ਵਿੱਚ ਸੰਨ 1949 ਨੂੰ ਛੇਵੇ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਕਾਉਕੇ ਵਿਖੇ ਪਿਤਾ ਭਾਈ ਗੁਰਦਿਆਲ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁੱਖ ਤੋਂ ਜਨਮ ਲਿਆ ।ਜੱਥੇਦਾਰ ਭਾਈ ਗੁਰਦੇਵ ਸਿੰਘ ਦੇ ਪਿਤਾ ਚੰਗੀ ਜਾਇਦਾਦ ਦੇ ਮਾਲਕ ਸਨ ।ਭਾਈ ਸਾਹਿਬ ਦੱਸਿਆ ਕਰਦੇ ਸਨ ਕਿ ਉਹਨਾਂ ਦਾ ਆਰੰਭ ਦਾ ਜੀਵਨ ਇੱਕ ਆਮ ਇਨਸਾਨ ਤੋ ਵੀ ਨੀਵੇਂ ਪੱਧਰ ਦਾ ਸੀ ,ਪਰ ਇੱਕ ਵਾਰ ਪਿੰਡ ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗਏ ਜੱਥੇ ਨਾਲ ਉਹ ਵੀ ਚਲੇ ਗਏ ।ਉਹ ਕਹਿੰਦੇ ਸਨ ਕਿ ਜਦੋਂ ਇਸ਼ਨਾਨ ਕਰਦੇ ਸਮੇਂ ਮੈਂ ਸਰੋਵਰ ਵਿੱਚ ਪਹਿਲਾ ਟੁੱਬਾ ਲਾਇਆ ਤਾਂ ਮੈਂ ਇਕ ਦਮ ਬਦਲਿਆ ਹੋਇਆ ਗੁਰਦੇਵ ਸਿੰਘ ਸੀ ।ਇਸ ਆਤਮਿਕ ਤਬਦੀਲੀ ਤੋ ਬਾਅਦ ਭਾਈ ਸਾਹਿਬ ਦੇ ਜੀਵਨ ਦਾ ਪੰਧ ਰੂਹਾਨੀ ਮੰਜ਼ਿਲਾਂ ਵੱਲ ਵੱਧਣ ਲੱਗ ਪਿਆ ਅਤੇ ਉਹਨਾਂ ਦਾ ਇਹ ਰੂਹਾਨੀ ਸਫ਼ਰ ਗੁਰਸਿੱਖੀ ਦੀ ਸਿਖਰਲੀ ਮੰਜ਼ਿਲ ਸ਼ਹਾਦਤ ਉਪਰ ਪਹੁੰਚ ਕੇ 1,ਜਨਵਰੀ 1993 ਨੂੰ ਮੁਕੰਮਲ ਹੋ ਗਿਆ ।

ਆਵਾਜ਼ਿ ਕੌਮ AWAZE QAUM International Newspaper & WEB TV

ਭਾਈ ਗੁਰਦੇਵ ਸਿੰਘ ਕਾਉਕੇ ਇੱਕ ਅਜ਼ੀਮ ਸ਼ਖਸੀਅਤ ਸਨ ,ਉਹ ਸਿੱਖੀ ਸਿਦਕ ,ਦ੍ਰਿੜਤਾ,ਨਿਮਰਤਾ ,ਜ਼ਾਬਤੇ ਅਤੇ ਸਾਦਗੀ ਦੀ ਮਿਸਾਲ ਸਨ ।ਉਹਨਾਂ ਵਿੱਚ ਕਿਸੇ ਰੁਤਬੇ ਦੀ ਚਾਹਤ ਨਹੀਂ ਸੀ ,26 ਜਨਵਰੀ 1986 ਨੂੰ ਜਦੋ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਜੱਥੇਦਾਰ ਥਾਪਿਆ ਗਿਆ ਤਾਂ ਉਹਨਾਂ ਨੇ ਬਹੁਤ ਵਾਸਤੇ ਪਾਏ ਕਿ ਮੈਂ ਇਸ ਮਹਾਨ ਰੁਤਬੇ ਦੇ ਕਾਬਲ ਨਹੀਂ ਹਾਂ ।ਉਹਨਾਂ ਆਪਣੀ ਕੱਟੀ ਹੋਈ ਉਂਗਲੀ ਦਾ ਹਵਾਲਾ ਵੀ ਦਿੱਤਾ ਕਿ ਮੈਂ ਤਾਂ ਮਰਿਯਾਦਾ ਮੁਤਾਬਿਕ ਪੰਜ ਪਿਆਰਿਆਂ ਵਿੱਚ ਵੀ ਸ਼ਾਮਲ ਨਹੀ ਹੋ ਸਕਦਾ ।ਪਰ ਅਖੀਰ ਪੰਥ ਦੇ ਹੁਕਮ ਦੀ ਪਾਲਣਾ ਕਰਦੇ ਹੋਏ ,ਉਹਨਾਂ ਅਕਾਲ ਤਖ਼ਤ ਸਾਹਿਬ ਦੀ ਐਕਟਿੰਗ ਜੱਥੇਦਾਰੀ ਦੀ ਸੇਵਾ ਪ੍ਰਵਾਨ ਕਰ ਲਈ ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜੱਥੇਦਾਰੀ ਦਾ ਉਹਨਾਂ ਦਾ ਕਾਰਜਕਾਲ ਭਾਵੇਂ ਬਹੁਤ ਛੋਟਾ ਸੀ ।ਪਰ ਇਹ ਤਿੰਨ ਮਹੀਨੇ ਸਾਡੇ ਇਸ ਸਮਕਾਲੀ ਇਤਿਹਾਸ ਦਾ ਸੁਨਹਿਰਾ ਸਮਾਂ ਸੀ ।ਜਦੋ ਜੱਥੇਦਾਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਚੱਲਦੇ ਸਨ ਤਾਂ ਦੂਰੋ ਬਿਲਕੁੱਲ ਅਜਿਹਾ ਜਾਪਦਾ ਸੀ ਕਿ ਸੰਤ ਬਾਬਾ ਜਰਨੈਲ ਸਿੰਘ ਸਾਡੇ ਵਿੱਚ ਵਾਪਸ਼ ਆ ਗਏ ਹਨ ।ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਪੰਥ ਦਰਦੀਆਂ ਦੇ ਚਿਹਰਿਆਂ ਉੱਪਰ ਆਸ਼ਾਵਾਂ ਰੂਪੀ ਰੋਣਕ ਝਲਕਣ ਲੱਗੀ ਸੀ ।ਸ੍ਰੀ ਦਰਬਾਰ ਸਾਹਿਬ ਅੰਦਰ ਫੈਡਰੇਸ਼ਨ ਅਤੇ ਜੁਝਾਰੂ ਜੱਥੇਬੰਦੀਆਂ ਦੇ ਸਿੰਘ ਆਮ ਦੇਖੇ ਜਾਣ ਲੱਗ ਪਏ ।ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਬੈਠੇ ਸਾਨੂੰ ਕਈ ਵਾਰ ਇਹ ਜਾਪਦਾ ਸੀ ਕਿ ਸ਼ਾਇਦ ਪੰਥ ਦੀ ਚੜਦੀ ਕਲਾਂ ਦਾ ਸਮਾਂ ਆਰੰਭ ਹੋ ਗਿਆ ਹੈ।ਪਰ ਚੰਦਰੀ ਫੁੱਟ ਅਤੇ ਆਪਸੀ ਨਫਰਤ ਦੀਆਂ ਉੱਠ ਰਹੀਆਂ ਚੰਗਿਆੜੀਆਂ ਵੇਖ ਕੇ ਕਈ ਵਾਰ ਮਨ ਵਿੱਚ ਸ਼ੰਕੇ ਵੀ ਜਨਮ ਲੈਦੇ ਸਨ ।ਪਰ ਜੱਥੇਦਾਰ ਕਾਉਕੇ ਦੀ ਨਿਗ੍ਹਾ ਵਿੱਚ ਸਭ ਕੁੱਝ ਸੀ ,ਉਹਨਾਂ ਨੇ ਸ੍ਰੀ ਦਰਬਾਰ ਵਿੱਚ ਪੰਥਕ ਜ਼ਾਬਤੇ ਨੂੰ ਬੜੀ ਸਖ਼ਤੀ ਨਾਲ ਲਾਗੂ ਕਰਵਾਇਆ ਹੋਇਆ ਸੀ ।ਉਹਨਾਂ ਦਿਨਾਂ ਦੌਰਾਨ ਜੱਥੇਦਾਰ ਜੀ ਦਾ ਸਭ ਨੂੰ ਹੁਕਮ ਸੀ ਕਿ ਕੋਈ ਵੀ ਵੱਡਾ-ਛੋਟਾ ਕਮਰਿਆਂ ਵਿੱਚ ਲੰਗਰ ਨਹੀ ਛਕੇਗਾ ,ਹਰ ਕੋਈ ਸੀ ਗੁਰੂ ਰਾਮਦਾਸ ਜੀ ਦੇ ਲੰਗਰ ਵਿੱਚ ਪੰਗਤ ਵਿੱਚ ਬੈਠ ਕੇ ਛਕੇਗਾ ,ਜੱਥੇਦਾਰ ਸਾਹਿਬ ਖੁਦ ਵੀ ਪੰਗਤ ਵਿੱਚ ਪ੍ਰਸ਼ਾਦਾ ਛੱਕਿਆ ਕਰਦੇ ਸੀ ।

29 ਅਪ੍ਰੈਲ 1986 ਨੂੰ ਪੰਥਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਕਮਰੇ ਵਿੱਚ ਪ੍ਰੈਸ ਕਾਨਫਰੰਸ ਕਰਕੇ ਖਾਲਿਸਤਾਨ ਦਾ ਐਲਾਨ ਕਰ ਦਿੱਤਾ ।ਇਸ ਐਲਾਨ ਤੋ ਬਾਅਦ ਪੰਥਕ ਕਮੇਟੀ ਦੇ ਮੈਂਬਰ ਅਤੇ ਉਹਨਾਂ ਦੇ ਸਾਥੀ ਦਰਬਾਰ ਸਾਹਿਬ ਤੋਂ ਬਾਹਰ ਚਲੇ ਗਏ ।ਪੰਥਕ ਕਮੇਟੀ ਨੇ ਇਸ ਕਾਰਵਾਈ ਤੋ ਪਹਿਲਾ ਜੱਥੇਦਾਰ ਸਾਹਿਬ ਅਤੇ ਦਰਬਾਰ ਸਾਹਿਬ ਵਿੱਚ ਹਾਜ਼ਰ ਹੋਰ ਆਗੂਆਂ ਨੂੰ ਸੁਚੇਤ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ ਸੀ ।ਇਸ ਘਟਨਾ ਸਬੰਧੀ ਹੋਰ ਬਹੁਤ ਮਹੱਤਵਪੂਰਨ ਜਾਣਕਾਰੀ ਹੈ ,ਜੋ ਮੈਂ ਇੱਥੇ ਲਿਖਣੀ ਮੁਨਾਸਿਬ ਨਹੀ ਸਮਝਦਾ ।ਪਰ ਇਸ ਕਾਰਵਾਈ ਨਾਲ ਪੁਲਸ ਨੂੰ ਸ੍ਰੀ ਦਰਬਾਰ ਸਾਹਿਬ ਵਿੱਚ ਦਾਖਲੇ ਦਾ ਬਹਾਨਾ ਮਿਲ ਗਿਆ ।ਜੱਥੇਦਾਰ ਕਾਉਕੇ ਅਤੇ ਫੈਡਰੇਸ਼ਨ ਆਗੂਆਂ ਸਮੇਤ ਅਨੇਕਾਂ ਨੂੰ ਪੁਲਸ ਹਿਰਾਸਤ ਵਿੱਚ ਲੈ ਕੇ ਜੇਲਾਂ ਵਿੱਚ ਭੇਜ ਦਿੱਤਾ ਗਿਆ ।ਸ੍ਰੀ ਦਰਬਾਰ ਸਾਹਿਬ ਵਿੱਚ ਬਣੇ ਮਾਹੌਲ ਕਰਕੇ ਜੋ ਸੰਭਾਵਨਾ ਬਣੀਆਂ ਸਨ ,ਉਹ ਇੱਕ ਵਾਰ ਫਿਰ ਮਿੱਟ ਗਈਆਂ ।

29 ਅਪ੍ਰੈਲ 1986 ਨੂੰ ਪੰਥਕ ਕਮੇਟੀ ਦੇ ਐਲਾਨ ਤੋ ਬਾਅਦ ਕੇਂਦਰ ਸਰਕਾਰ ਹਰਕਤ ਵਿੱਚ ਆ ਗਈ ।ਮੁੱਖ ਮੰਤਰੀ ਬਰਨਾਲਾ ਦਿੱਲੀ ਤਲਬ ਕੀਤਾ ਗਿਆ ,29-30 ਅਪ੍ਰੈਲ ਦੀ ਰਾਤ ਬਰਨਾਲਾ ਗਵਰਨਰ ਅਰਜਨ ਸਿਹੁੰ ਅਤੇ ਅਰੁਣ ਸਿੰਘ ਨਾਲ ਅੰਮ੍ਰਿਤਸਰ ਹਵਾਈ ਅੱਡੇ ਪਹੰਚਿਆ ।30 ਅਪ੍ਰੈਲ ਸ਼ਾਮ ਨੂੰ ਸੀ.ਆਰ.ਪੀ ਅਤੇ ਬੀ.ਐਸ਼.ਐਫ. ਅਤੇ ਪੰਜਾਬ ਪੁਲਸ ਨੇ ਹਜ਼ਾਰਾਂ ਦੀ ਤਦਾਦ ਵਿੱਚ ਦਰਬਾਰ ਸਾਹਿਬ ਨੂੰ ਘੇਰਾ ਪਾ ਲਿਆ ।ਸ਼ਪੈਸ਼ਲ ਟਰੇਡ ਕਮਾਡੋਆਂ ਸਮੇਤ ਪੁਲਸ ਅਤੇ ਪੈਰਾ ਮਿਲਟਰੀ ਫੋਰਸ ਦਰਬਾਰ ਸਾਹਿਬ ਪ੍ਰਕਰਮਾ ਅੰਦਰ ਦਾਖਲ ਹੋਈ ਅਤੇ ਗੋਲੀਬਾਰੀ ਵੀ ਕੀਤੀ ਗਈ ।ਭਾਈ ਗੁਰਦੇਵ ਸਿੰਘ ਸਮੇਤ ਸੈਕੜੇ ਸਿੱਖਾਂ ਨੂੰ ਅੰਦਰੋਂ ਗ੍ਰਿਫਤਾਰ ਕੀਤਾ ਗਿਆ ।ਸ੍ਰੀ ਦਰਬਾਰ ਸਾਹਿਬ ਦੀ ਇੱਕ ਵਾਰ ਫਿਰ ਬੇਹੁਰਮਤੀ ਹੋਈ ,ਇਹ ਸਭ ਕੁੱਝ ਅਕਾਲੀ ਸਰਕਾਰ ਦੇ ਮੁੱਖੀ ਸੁਰਜੀਤ ਸਿੰਘ ਬਰਨਾਲੇ ਦੀ ਅਗਵਾਈ ਵਿੱਚ ਵਾਪਰਿਆ ।ਇਸ ਤੋਂ ਬਾਅਦ ਜੱਥੇਦਾਰ ਕਾਉਕੇ ਤਕਰੀਬਨ ਦੋ ਸਾਲ ਜੇਲ ਵਿੱਚ ਰਹੇ ਅਤੇ ਉਹਨਾਂ ਦੀ ਰਿਹਾਈ ਮਾਰਚ 1988 ਵਿੱਚ ਭਾਈ ਜਸਬੀਰ ਸਿੰਘ ਰੋਡੇ ਦੀ ਰਿਹਾਈ ਤੋ ਕੁੱਝ ਦਿਨ ਬਾਅਦ ਵਿੱਚ ਹੋਈ ।ਇਸ ਦੌਰਾਨ ਮੈਂ ਉਹਨਾਂ ਨੂੰ ਕਈ ਪੰਥਕ ਕਾਰਜਾਂ ਸਬੰਧੀ ਅਤੇ ਕੁੱਝ ਸਮਾਗਮਾਂ ਦੌਰਾਨ ਅਕਸਰ ਮਿਲਦਾ ਰਹਿੰਦਾ ਸੀ ।ਉਹਨੂੰ ਦਿਨੀ ਮੈਂ ਕਈ ਪੰਥਕ ਆਗੂਆਂ ਨਾਲ ਵਿਚਾਰ ਕੀਤੀ ਕਿ ਉਹ ਬਾਬਾ ਠਾਕਰ ਸਿੰਘ ਜੀ ਨਾਲ ਗੱਲ ਕਰਨ ਕਿ ਉਹ ਆਪਣੇ ਜਿਉਂਦੇ ਹੀ ਜੱਥੇਦਾਰ ਕਾਉਕੇ ਨੂੰ ਦਮਦਮੀ ਟਕਸਾਲ ਦਾ ਮੁੱਖੀ ਥਾਪ ਦੇਣ ।ਪਰ ਆਪਸੀ ਫੁੱਟ ਅਤੇ ਬੇਵਿਸ਼ਵਾਸੀ ਦੇ ਮਾਹੌਲ ਨੇ ਇਸ ਮਸਲੇ ਸਮੇਤ ਕਈ ਹੋਰ ਮੁੱਦਿਆਂ ਉੱਪਰ ਕਦੇ ਵੀ ਸਹਿਮਤੀ ਨਾ ਬਨਣ ਦਿੱਤੀ ।ਜੇਕਰ ਅਜਿਹਾ ਹੋ ਜਾਂਦਾ ਤਾਂ ਦਮਦਮੀ ਟਕਸਾਲ ਜਿਹੀ ਮਹਾਨ ਸੰਸਥਾ ਦੀ ਅੱਜ ਵਰਗੀ ਦੁਰਦਸ਼ਾ ਨਾ ਹੁੰਦੀ ।



ਮੇਰੇ ਯਾਦ ਹੈ ਕਿ ਮਾਰਚ 1988 ਵਿੱਚ ਮੇਰੀ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਅਤੇ ਭਾਈ ਕੁਲਵੰਤ ਸਿੰਘ ਖੁਖਰਾਣਾ ਨਾਲ ਮੀਟਿੰਗ ਹੋਈ ।ਮੈਂ ਉਹਨਾਂ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਗਲਤ ਅਨਸਰਾਂ ਦੀ ਮੌਜੂਦਗੀ ਬਾਰੇ ਜਾਣਕਾਰੀ ਦਿੱਤੀ ।ਭਾਈ ਗੁਰਜੰਟ ਸਿੰਘ ਨੇ ਭਾਈ ਕੁਲਵੰਤ ਸਿੰਘ ਖੁਖਰਾਣੇ ਨੂੰ ਮੇਰੇ ਨਾਲ ਦਰਬਾਰ ਸਾਹਿਬ ਭੇਜਿਆ ,ਅਸੀ ਕੁੱਝ ਦਿਨ ਪ੍ਰਕਰਮਾ ਵਿੱਚ ਰਹੇ,ਮੈਂ ਉਹਨਾਂ ਨੂੰ ਉੱਥੇ ਵਾਪਰ ਰਹੇ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ ।ਸਾਡੀ ਦਰਬਾਰ ਸਾਹਿਬ ਮੌਜੂਦਗੀ ਦੌਰਾਨ ਸਬੱਬੀ ਜੱਥੇਦਾਰ ਗੁਰਦੇਵ ਸਿੰਘ ਕਾਉਕੇ ਉੱਥੇ ਰਹਿਰਾਸ ਸਾਹਿਬ ਦੀ ਮਰਿਯਾਦਾ ਤਬਦੀਲੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੁੱਜੇ ਹੋਏ ਸਨ ।ਅਸੀ ਉਹਨਾਂ ਨੂੰ ਦਰਬਾਰ ਸਾਹਿਬ ਕੰਪਲੈਕਸ ਅੰਦਰਲੀ ਗੰਭੀਰ ਸਥਿਤੀ ਤੋਂ ਜਾਣੂ ਕਰਵਾਇਆ ।ਅਸੀ ਉਹਨਾਂ ਨੂੰ ਦੱਸਿਆ ਕਿ ਅਸੀ ਇੱਥੋਂ ਗਲਤ ਅਨਸਰਾਂ ਨੂੰ ਕੱਢਣ ਬਾਰੇ ਯੋਜਨਾ ਬਣਾ ਰਹੇ ਹਾਂ ਜੇਕਰ ਤੁਸੀਂ ਇਸ ਕਾਰਵਾਈ ਦੀ ਅਗਵਾਈ ਕਰੋ ਤਾਂ ਇਹ ਕਾਰਜ ਅਸਾਨੀ ਨਾਲ ਹੋ ਸਕਦਾ ਹੈ ।ਜੱਥੇਦਾਰ ਕਾਉਕੇ ਸਾਡੇ ਨਾਲ ਸਹਿਮਤ ਹੋ ਗਏ ।ਅਸੀ ਉਹਨਾਂ ਨੂੰ ਆਪਣੇ ਨਾਲ ਲੈ ਕੇ ਦਰਬਾਰ ਸਾਹਿਬ ਪ੍ਰਕਰਮਾ ਦਾ ਚੱਕਰ ਲਵਾ ਕੇ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ।ਏਸੇ ਦੌਰਾਨ ਇੱਕ ਸਿੰਘ ਨੇ ਜੱਥੇਦਾਰ ਜੀ ਨੂੰ ਸਨੇਹਾ ਦਿੱਤਾ ਕਿ ਤੁਹਾਨੂੰ ਬਾਬਾ ਠਾਕੁਰ ਸਿੰਘ ਬੁਲਾ ਰਹੇ ਹਨ ।ਉਸੇ ਸ਼ਾਮ ਅਸੀ ਉਹਨਾਂ ਨੂੰ ਦੁਬਾਰਾ ਅਕਾਲ ਰੈਸਟ ਹਾਊਸ ਵਿਖੇ ਉਹਨਾਂ ਦੀ ਰਹਾਇਸ਼ ਤੇ ਜਾ ਕੇ ਮਿਲੇ ਤਾਂ ਉਹਨਾਂ ਸਾਨੂੰ ਦੱਸਿਆ ਕਿ ਤੁਹਾਡੇ ਇਰਾਦੇ ਦੀ ਸੂਹ ਉਹਨਾਂ ਨੂੰ ਲੱਗ ਗਈ ਹੈ ,ਜਿਹਨਾਂ ਨੂੰ ਤੁਸੀ ਇੱਥੋਂ ਕੱਢਣ ਬਾਰੇ ਵਿਚਾਰ ਰਹੇ ਹੋ ।ਪ੍ਰਕਰਮਾ ਵਿੱਚ ਰਹਿਣ ਵਾਲੇ ਨਿਰਵੈਲ ਸਿੰਘ ਅਤੇ ਉਸਦੇ ਸਾਥੀਆਂ ਨੇ ਬਾਬਾ ਜੀ ਕੋਲ ਸ਼ਕਾਇਤ ਕੀਤੀ ਹੈ ਕਿ ਜੱਥੇਦਾਰ ਗੁਰਦੇਵ ਸਿੰਘ ਸਾਨੂੰ ਇੱਥੋਂ ਕੱਢਣ ਆਇਆ ਹੈ ।ਜੱਥੇਦਾਰ ਜੀ ਨੇ ਦੱਸਿਆ ਕਿ ਬਾਬਾ ਜੀ ਨੇ ਮੈਨੂੰ ਹੁਕਮ ਕਰ ਦਿੱਤਾ ਕਿ ਗੁਰਦੇਵ ਸਿੰਘ ਤੂੰ ਇਸ ਕੰਮ ਵਿੱਚ ਸ਼ਾਮਲ ਨਹੀ ਹੋਣਾ ,ਇਸ ਕਰਕੇ ਹੁਣ ਮੈਂ ਇਸ ਮਾਮਲੇ ਵਿੱਚ ਤੁਹਾਡਾ ਸਾਥ ਦੇਣ ਤੋਂ ਅਸਮਰਥ ਹਾਂ ।ਪੰਥ ਆਪ ਦਰਬਾਰ ਸਾਹਿਬ ਅੰਦਰਲੇ ਗਲਤ ਅਨਸਰਾਂ ਦੀ ਸਫਾਈ ਨਾ ਕਰ ਸਕਿਆ।,ਇਸ ਦੀ ਵਜ੍ਹਾਂ ਕਰਕੇ ਬਲੈਕ ਥੰਡਰ ਅਪਰੇਸ਼ਨ ਜਿਹੀ ਨਾਮੋਸ਼ੀ ਭਰੀ ਸਰਕਾਰੀ ਕਾਰਵਾਈ ਨੇ ਸਾਨੂੰ ਸ਼ਰਮਸ਼ਾਰ ਕੀਤਾ ।ਮੈਂ ਜਾਣਦਾ ਸੀ ਕਿ ਭਾਈ ਕਾਉਕੇ ਬਾਬਾ ਠਾਕਰ ਸਿੰਘ ਅਤੇ ਸੰਤਾਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਦੀ ਕੋਈ ਗੱਲ ਨਹੀ ਟਾਲਦੇ ਹੁੰਦੇ ਸਨ।

ਭਾਈ ਸਾਹਿਬ ਸੰਸਕਾਰਾਂ ,ਮਰਿਯਾਦਾ,ਪ੍ਰੰਪਰਾਵਾਂ ਅਤੇ ਜ਼ਾਬਤੇ ਦੇ ਬਹੁਤ ਪਾਬੰਧ ਸਨ ।ਇਕ ਵਾਰ ਸਿੱਖ ਸਟੂਡੈਟਸ ਫੈਡਰੇਸ਼ਨ ਦੀ ਅੰਮ੍ਰਿਤਸਰ ਕਾਨਫਰੰਸ ਸੀ ।ਉਹਨਾਂ ਸਮੇਤ ਪੰਥ ਦੀ ਸਾਰੀ ਲੀਡਰਸ਼ਿਪ ਸਟੇਜ ਉੱਤੇ ਪਹੁੰਚੀ ਹੋਈ ਸੀ ।ਵਾਪਸੀ ਮੌਕੇ ਉਹਨਾਂ ਮੈਨੂੰ ਪੁੱਛਿਆ ਤੇਰਾ ਕੀ ਪ੍ਰੋਗਰਾਮ ਹੈ ।ਮੈਂ ਦੱਸਿਆ ਕਿ ਟਕਸਾਲ ਦੇ ਕੁੱਝ ਜੁੰਮੇਵਾਰ ਸਿੰਘਾਂ ਨੇ ਮੈਨੂੰ ਕੁੱਝ ਮਤਭੇਦ ਵਾਲੇ ਮੁੱਦਿਆਂ ਉੱਪਰ ਗੱਲਬਾਤ ਕਰਨ ਲਈ ਚੌਕ ਮਹਿਤੇ ਬੁਲਾਇਆ ਹੈ ।ਉਹਨਾਂ ਮੈਨੂੰ ਝਿੜਕਿਆ ਕਿ ਪਹਿਲਾਂ ਮਹਿਤੇ ਇਕੱਲੇ ਜਾਣ ਵਾਲਿਆਂ ਦਾ ਹੋਇਆ ਹਾਲ ਭੁੱਲ ਗਿਆ ?ਜੱਥੇਦਾਰ ਕਾਉਕੇ ਨੇ ਭਾਈ ਰੋਡੇ ਅਤੇ ਹੋਰਨਾ ਸਿੰਘਾਂ ਸਮੇਤ ਮੇਰੇ ਨਾਲ ਮਹਿਤੇ ਚੌਕ ਜਾਣ ਦਾ ਫੈਸਲਾ ਕਰ ਲਿਆ ।ਇਹ ਗੱਲ ਸਾਬਤ ਕਰਦੀ ਹੈ ਕਿ ਉਹ ਲਹਿਰ ਦੇ ਅੰਦਰ ਚੱਲ ਰਹੀ ਕਸ਼ਮਕਸ਼ ਤੋਂ ਪੂਰੀ ਤਰ੍ਹਾਂ ਸੁਚੇਤ ਸੀ ।ਭਾਈ ਹਰਮਿੰਦਰ ਸਿੰਘ ਸੰਧੂ ਦੇ ਕਤਲ ਮੌਕੇ ਉਹਨਾਂ ਵੱਲੋਂ ਲਏ ਸਟੈਂਡ ਤੋਂ ਵੀ ਮੈਂ ਬਹੁਤ ਕਾਇਲ ਹੋਇਆ ਸੀ ।ਭਾਈ ਸੰਧੂ ਦੇ ਕਤਲ ਲਈ ਜੁੰਮੇਵਾਰ ਖਾੜਕੂ ਜੱਥੇਬੰਦੀਆਂ ਨਾਲ ਉਹਨਾਂ ਦੇ ਨਜਦੀਕੀ ਸਬੰਧ ਸਨ ।ਇਸ ਦੇ ਬਾਵਜੂਦ ਉਹਨਾਂ ਭਾਈ ਸੰਧੂ ਦੇ ਕਤਲ ਦੀ ਕੇਵਲ ਨਿੰਦਾ ਹੀ ਨਹੀਂ ਕੀਤੀ ,ਸਗੋਂ ਭਾਈ ਸੰਧੂ ਦੇ ਸੰਸਕਾਰ ਅਤੇ ਭੋਗ ਵਿੱਚ ਵੀ ਸ਼ਾਮਲ ਹੋਏ ਸਨ ।ਭਾਈ ਸਾਹਿਬ ਨਾਮ ਸਿਮਰਨ ਦੇ ਭਜਨੀਕ ਸਨ ਅਤੇ ਆਪਣੇ ਇਰਾਦੇ ਦੇ ਅਟੱਲ ਮਾਲਕ ਸਨ ।

ਸੰਨ 1989 ਤੋਂ 25 ਦਸੰਬਰ 1992 ਉਹਨਾਂ ਦੀ ਅੰਤਿਮ ਗ੍ਰਿਫਤਾਰੀ ਤੱਕ ਜੱਥੇਦਾਰ ਕਾਉਕੇ ਜੀ ਨੂੰ ਪੁਲਸ ਵੱਲੋਂ ਅਨੇਕਾਂ ਵਾਰ ਗ੍ਰਿਫਤਾਰ ਕੀਤਾ ਗਿਆ ।ਹਰੇਕ ਵਾਰ ਪੁਲਸ ਉਹਨਾਂ ਉੱਪਰ ਖਾੜਕੂ ਸਿੰਘਾਂ ਦੀ ਮਦਦ ਦਾ ਦੋਸ਼ ਲਾਉਦੀ ਸੀ ।ਪਰ ਅਸਲ ਕਾਰਨ ਸੀ ਕਿ ਉਹ ਅੰਮ੍ਰਿਤ ਸੰਚਾਰ ਦੀ ਮੁਹਿੰਮ ਵਿੱਚ ਸਰਗਰਮ ਸਨ ਅਤੇ ਜਨਤਕ ਸਮਾਗਮਾਂ ਵਿੱਚ ਜਾ ਕੇ ਸਰਕਾਰ ਦੀਆਂ ਵਧੀਕੀਆਂ ਖਿਲਾਫ ਦਲੇਰਾਨਾ ਢੰਗ ਨਾਲ ਆਵਾਜ਼ ਬੁਲੰਦ ਕਰਦੇ ਸਨ ।ਫਰਵਰੀ 1992 ਵਿੱਚ ਪੰਜਾਬ ਵਿੱਚ ਬੇਅੰਤ ਬੁੱਚੜ ਦੀ ਸਰਕਾਰ ਬਨਣ ਤੋ ਬਾਅਦ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ।ਆਪਣੀ ਸ਼ਹਾਦਤ ਤੱਕ ਉਹ ਇਸ ਹਕੂਮਤੀ ਜ਼ੁਲਮ ਦਾ ਲਗਾਤਾਰ ਨਿਸ਼ਾਨਾ ਬਣਦੇ ਰਹੇ ।ਸਰਕਾਰ ਜੱਥੇਦਾਰ ਸਾਹਿਬ ਦੀ ਨਿਡਰ ਅਤੇ ਬੇਖੌਫ ਸ਼ਖਸੀਅਤ ਤੋ ਖ਼ੌਫ਼ ਖਾਂਦੀ ਸੀ ।ਸਰਕਾਰ ਇਹ ਬਿਲਕੁੱਲ ਨਹੀ ਚਾਹੁੰਦੀ ਸੀ ਕਿ ਉਹ ਕਿਸੇ ਸਿਖਰਲੇ ਰੁਤਬੇ ਉੱਤੇ ਆ ਕੇ ਕੌਮ ਦੀ ਅਗਵਾਈ ਕਰਨ ।ਅਠਾਰਵੀਂ ਸਦੀ ਦੇ ਸੂਰਮੇ ਜਰਨੈਲ ਜਿਹੀ ਸ਼ਖਸੀਅਤ ਕਰਕੇ ਸਰਕਾਰ ਆਪਣੇ ਜਬਰ-ਜ਼ੁਲਮ ਰਾਹੀਂ ਉਹਨਾਂ ਦੀ ਹਸਤੀ ਮਿਟਾਉਣ ਉੱਪਰ ਤੁੱਲੀ ਹੋਈ ਸੀ ।

25 ਦਸੰਬਰ 1992 ਨੂੰ ਜਗਰਾਉ ਸਦਰ ਥਾਣੇ ਦੇ SHO ਗੁਰਮੀਤ ਸਿੰਘ ਨੇ ਉਹਨਾਂ ਦੀ ਗ੍ਰਿਫਤਾਰੀ ਲਈ ਛਾਪਾ ਮਾਰਿਆ ,ਪਿੰਡ ਦੇ ਮੋਹਤਬਰ ਬੰਦਿਆਂ ਦੀ ਮੌਜੂਦਗੀ ਵਿੱਚ ਉਹਨਾਂ ਨੇ ਗ੍ਰਿਫਤਾਰੀ ਦਿੱਤੀ ਸੀ ।ਉਹਨਾਂ ਦੀ ਸਿੰਘਣੀ ਅਤੇ ਪਿੰਡ ਦੇ ਮੋਹਤਬਰ ਬੰਦੇ ਪੈਰਵੀ ਲਈ ਮਗਰ ਜਾਂਦੇ ਰਹੇ ।ਉਹਨਾਂ ਨੂੰ ਜੱਥੇਦਾਰ ਜੀ ਨਾਲ ਮਿਲਣ ਨਹੀ ਦਿੱਤਾ ਗਿਆ ।28 ਦਸੰਬਰ ਨੂੰ ਉਹਨਾਂ ਨੂੰ ਥਾਣਾ ਸਦਰ ਜਗਰਾਉ ਤੋ ਸੀ .ਆਈ.ਏ. ਜਗਰਾਉ ਤਬਦੀਲ ਕਰ ਦਿੱਤਾ ਗਿਆ ।ਉੱਥੇ SSP ਜਗਰਾਉ ਸਵਰਨ ਘੋਟਣੇ ਅਤੇ DSP ਹਰਭਗਵਾਨ ਸਿੰਘ ਸੋਢੀ ਨਾਮ ਦੇ ਦੋ ਬਦਨਾਮ ਬੁੱਚੜਾਂ ਨੇ ਉਹਨਾਂ ਉਪਰ ਅਣਮਨੁੱਖੀ ਤਸ਼ਦੱਦ ਕਰਵਾਇਆ ।ਜਿਸ ਨਾਲ ਉਹਨਾਂ ਦੀ ਸਰੀਰਕ ਹਾਲਤ ਬਹੁਤ ਨਾਜ਼ਕ ਹੋ ਗਈ ।ਬਾਅਦ ਵਿੱਚ ਸਾਡੀ ਜਾਂਚ ਦੌਰਾਨ ਸਾਹਮਣੇ ਆਏ ਗਵਾਹਾਂ ਮੁਤਾਬਿਕ ਇਸ ਤਸ਼ਦੱਦ ਦੇ ਦੌਰ ਦੌਰਾਨ ਉਹ ਬੁਲੰਦ ਅਵਸਥਾ ਵਿੱਚ ਰਹੇ ਅਤੇ ਆਪਣੀ ਰੂਹ ਨੂੰ ਨਾਮ ਸਿਮਰਨ ਰਾਹੀਂ ਵਾਹਿਗੁਰੂ ਦੇ ਚਰਨਾਂ ਨਾਲ ਜੋੜੀ ਰੱਖਿਆ ।ਗਵਾਹਾਂ ਮੁਤਾਬਿਕ ਇਸ ਅਣਮਨੁੱਖੀ ਤਸ਼ਦੱਦ ਨਾਲ ਕਾਰਨ ਉਹਨਾਂ ਨੇ ਜਗਰਾਉ ਸੀ.ਆਈ.ਏ. ਸਟਾਫ ਵਿੱਚ ਹੀ ਸੁਵਾਸ ਤਿਆਗ ਦਿੱਤੇ ਸਨ ।1 ਜਨਵਰੀ 1992 ਨੂੰ ਉਹਨਾਂ ਦੇ ਮ੍ਰਿਤਕ ਸਰੀਰ ਨੂੰ ਥਾਣਾ ਸਿਧਵਾਂ ਬੇਟ ਲਿਜਾਇਆ ਗਿਆ ,ਉਸੇ ਰਾਤ ਪੁਲਸ ਨੇ ਦਰਿਆ ਵਿੱਚ ਜਾਂ ਦਰਿਆ ਦੇ ਇਲਾਕੇ ਵਿੱਚ ਉਹਨਾਂ ਦੀ ਲਾਸ਼ ਨੂੰ ਖੁਰਦ-ਬੁਰਦ ਕਰ ਦਿੱਤਾ ।ਉਸੇ ਰਾਤ ਸਰਕਾਰ ਨੇ ਬੁੱਚੜ ਸਵਰਨ ਘੋਟਣੇ ਨੂੰ ਜਗਰਾਉ ਤੋ ਜਲੰਧਰ ਤਬਦੀਲ ਕਰ ਦਿੱਤਾ ।ਨਵੇ ਆਏ SSP ਹਰਿੰਦਰ ਸਿੰਘ ਚਾਹਲ ਨੇ 2 ਜਨਵਰੀ 1992 ਨੂੰ ਪ੍ਰੈਸ ਕਾਨਫਰੰਸ ਦਾਅਵਾ ਕੀਤਾ ਕਿ ਬੀਤੀ ਰਾਤ ਪੁਲਸ ਜਦੋ ਭਾਈ ਗੁਰਦੇਵ ਸਿੰਘ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲਿਜਾ ਰਹੀ ਸੀ ਤਾਂ ਉਹ ਸਿਪਾਹੀ ਦੀ ਬੈਲਟ ਵਿੱਚੋਂ ਹੱਥਕੜੀ ਤੁੜਵਾ ਕੇ ਥਾਣਾ ਸਿਧਵਾਂ ਬੇਟ ਦੇ ਪਿੰਡ ਕੀਨੀਆ ਕੋਲ ਹਿਰਾਸਤ ਵਿੱਚੋਂ ਫਰਾਰ ਹੋ ਗਏ ।ਪੁਲਸ ਵੱਲੋਂ ਪ੍ਰਚਾਰੇ ਝੂਠ ਦੀਆਂ ਰਿਪੋਰਟਾਂ 3ਜਨਵਰੀ ਦੀਆਂ ਅਖਬਾਰਾਂ ਵਿੱਚ ਛਪੀਆਂ ।ਪੰਥ ਵਿੱਚ ਸੋਗ ਦੀ ਲਹਿਰ ਫੈਲ ਗਈ ।ਕੁੱਝ ਸਮੇਂ ਬਾਅਦ ਉਹਨਾਂ ਦੀ ਸ਼ਹਾਦਤ ਵੀ ਹੋਰਨਾਂ ਹਜ਼ਾਰਾਂ ਸ਼ਹਾਦਤਾਂ ਵਾਂਗ ਖਬਰ ਬਣ ਕੇ ਰਹਿ ਗਈ ।

1997 ਵਿੱਚ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਤੋ ਬਾਅਦ ਲਾਵਾਰਸ ਲਾਸ਼ਾਂ ਵਾਲੇ ਕੇਸ ਦੀ ਪੈਰਵੀ ਲਈ ਅਸੀ ਵੱਖ-ਵੱਖ ਸ਼ਖਸੀਅਤਾਂ ਦੀ ਸ਼ਮੂਲੀਅਤ ਵਾਲੀ ,ਲਾਪਤਾ ਲੋਕਾਂ ਤਾਲਮੇਲ ਕਮੇਟੀ ' ਬਣਾਈ ।ਇਸ ਦੌਰਾਨ ਪੰਜਾਬ ਵਿੱਚ ਪ੍ਰਕਾਸ਼ ਸਿੰਘ ਬਾਦਲ ਸਰਕਾਰ ਦਾ ਗਠਨ ਹੋ ਚੁੱਕਾ ਸੀ ।ਪਰ ਅਕਾਲੀ ਸਰਕਾਰ ਬੀਤੇ ਵਿੱਚ ਹੋਏ ਜ਼ੁਲਮਾਂ ਦੀ ਜਾਂਚਦੇ ਆਪਣੇ ਚੋਣ ਵਾਅਦੇ ਤੋਂ ਮੁਕਰ ਗਈ ਸੀ ।ਅਸੀ ਭਾਈ ਕਾਉਕੇ ਦੀ ਸ਼ਹਾਦਤ ਸਬੰਧੀ ਗਵਾਹ ਵਜੋਂ ਸਾਹਮਣੇ ਆਏ ਸਿਪਾਹੀ ਦਰਸ਼ਨ ਸਿੰਘ ਤੋ ਬਾਅਦ ਕੇਸ ਦੀ ਜਾਂਚ ਕਰਕੇ ਇੱਕ ਮੁਕੰਮਲ ਡਾਕੂਮੈਟ ਤਿਆਰ ਕੀਤਾ ।ਕਮੇਟੀ ਦੇ ਕਨਵੀਨਰ ਰਾਮ ਨਰਾਇਣ ਕੁਮਾਰ ,ਜਸਟਿਸ ਕੁਲਦੀਪ ਸਿੰਘ ,ਜਸਟਿਸ ਬੈਂਸ ਅਤੇ ਮੇਰੇ ਸਮੇਤ ਕਮੇਟੀ ਦੇ 13 ਮੈਂਬਰ ਪੰਜਾਬ ਦੇ ਮੁੱਖ ਮੰਤਰੀ ਬਾਦਲ ਨੂੰ ਮਿਲੇ ਅਤੇ ਭਾਈ ਕਾਉਕੇ ਕੇਸ ਦੀ ਜਾਂਚ ਕਰਵਾ ਕਿ ਦੋਸ਼ੀਆਂ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ।ਬਾਦਲ ਨੇ ਸਾਡੀ ਮੰਗ ਮੁਤਾਬਿਕ ਇਸ ਕੇਸ ਦੀ ਜਾਂਚ ਪੰਜਾਬ ਪੁਲਸ ਦੇ ADGP ਬੀ .ਪੀ.ਤਿਵਾੜੀ ਦੇ ਸਪੁਰਦ ਕਰ ਦਿੱਤੀ ।ਮੇਰੇ ਯਾਦ ਹੈ ਕਿ ਮੇਰੇ ਸਮੇਤ ਸਾਡੀ ਲੀਗਲ ਟੀਮ ਦੇ ਮੈਂਬਰ ਬੀ.ਪੀ .ਤਿਵਾੜੀ ਨੂੰ ਉਸਦੇ ਦਫ਼ਤਰ ਜਾ ਕੇ ਸਾਡੀ ਜਾਂਚ ਰਿਪੋਰਟ ਅਤੇ ਸਬੂਤਾਂ ਦੇ ਦਸਤਾਵੇਜ਼ ਸੋਪ ਕੇ ਆਏ ਸੀ ।ਜਾਂਚ ਦੌਰਾਨ ਸਾਡੇ ਵਕੀਲਾਂ ਨੇ ਲੁਧਿਆਣੇ ਸਫਲਤਾ ਪੂਰਵਕ ਗਵਾਹੀਆਂ ਕਰਵਾ ਦਿੱਤੀ ਸਨ ।ਬਾਅਦ ਵਿੱਚ ਤਿਵਾੜੀ ਵੱਲੋਂ ਕੀਤੀ ਜਾਂਚ ਰਿਪੋਰਟ ਸਾਹਮਣੇ ਆਉਣ ਤੇ ਪਤਾ ਲੱਗਾ ਕਿ ਉਸਨੇ ਜਾਂਚ ਰਿਪੋਰਟ ਮੁੱਖ ਮੰਤਰੀ ਨੂੰ 27 ਜੁਲਾਈ 1997 ਵਿੱਚ ਹੀ ਸਪੁਰਦ ਕਰ ਦਿੱਤੀ ਸੀ ।ਪ੍ਰਕਾਸ਼ ਸਿੰਘ ਬਾਦਲ ਸਰਕਾਰ ਫਰਵਰੀ 2002 ਤੱਕ ਰਹੀ ਨਾ ਤਾਂ ਸਰਕਾਰ ਨੇ ਇਸ ਰਿਪੋਰਟ ਉੱਤੇ ਕੋਈ ਕਾਰਵਾਈ ਕੀਤੀ ਅਤੇ ਨਾਹੀ ਰਿਪੋਰਟ ਜਨਤਕ ਕੀਤੀ ।ਉਸ ਤੋਂ ਬਾਅਦ ਆਈਆਂ ਸਰਕਾਰਾਂ ਨੇ ਵੀ ਇਸ ਉੱਪਰ ਕੋਈ ਕਾਰਵਾਈ ਨਹੀ ਕੀਤੀ ।

ਭਾਈ ਕਾਉਕੇ ਕੇਸ ਦੀ ਚਰਚਾ ਦੁਬਾਰਾ ਫਿਰ ਸਾਹਮਣੇ ਆਈ ਜਦੋ ਪੰਜਾਬ ਮਨੁੱਖੀ ਅਧਿਕਾਰ ਜੱਥਬੰਦੀ ਨੇ ਤਿਵਾੜੀ ਜਾਂਚ ਰਿਪੋਰਟ ਨੂੰ ਦਸੰਬਰ 2024 ਦੌਰਾਨ ਜੱਥੇਦਾਰ ਅਕਾਲ ਤਖ਼ਤ ਨੂੰ ਸੋਪ ਕੇ ਜਨਤਕ ਕੀਤਾ ।ਇੱਕ ਵਾਰ ਫਿਰ ਸਿੱਖ ਜੱਥਬੰਦੀਆਂ ਨੇ ਇਸ ਕੇਸ ਸਬੰਧੀ ਕੁੰਬਕਰਨੀ ਨੀਂਦ ਤੋਂ ਜਾਗਣ ਦਾ ਪਾਖੰਡ ਕਰਕੇ ਲੰਬੇ ਚੌੜੇ ਅਖ਼ਬਾਰੀ ਬਿਆਨ ਦੇਣੇ ਸ਼ੁਰੂ ਕੀਤੇ ।ਸ੍ਰੋਮਣੀ ਕਮੇਟੀ ਨੇ ਕੇਸ ਦੀ ਪੈਰਵੀ ਲਈ ਲੀਗਲ ਸਹਾਇਤਾ ਦੇਣ ਦਾ ਵਾਅਦਾ ਕੀਤਾ ।ਜੱਥੇਦਾਰ ਜੀ ਦੇ ਬੇਟੇ ਭਾਈ ਹਰੀ ਸਿੰਘ ਵੱਲੋਂ ਪੰਜਾਬ ਅਤੇ ਹਰਿਆਣਾ ਵਿੱਚ 2025 ਏਸੇ ਸਾਲ ਰਿੱਟ ਪਟੀਸ਼ਨ ਦਾਇਰ ਕੀਤੀ ਗਈ ।ਇਸ ਕੇਸ ਦੇ ਦੋਸ਼ੀ ਪੁਲਸ ਅਫਸਰਾਂ ਸਵਰਨ ਘੋਟਣੇ ਅਤੇ ਹਰਭਗਵਾਨ ਸੋਢੀ ਦੀ ਮੌਤ ਹੋ ਚੁੱਕੀ ਹੈ ।ਭਾਰਤੀ ਨਿਆਂ ਸਿਸਟਮ ਦਾ ਦੂਜੇ ਕੇਸ਼ਾਂ ਵਿਚਲਾ ਕਿਰਦਾਰ ਦੇਖਦੇ ।ਕਿਸੇ ਇਨਸਾਫ਼ ਦੀ ਆਸ ਬੇਕਾਰ ਹੈ ,ਖਾਸ ਕਰਕੇ ਜਦੋ ਦੋਸ਼ੀ ਇਸ ਸੰਸਾਰ ਉੱਪਰੋਂ ਤੁਰ ਗਏ ।ਇਸ ਕੇਸ ਦਾ ਅਸਲ ਦੋਸ਼ੀ ਪ੍ਰਕਾਸ਼ ਸਿੰਘ ਬਾਦਲ ਹੈ ,ਜਿਸ ਨੇ ਆਪਣੇ 15 ਸਾਲ ਦੇ ਮੁੱਖ ਮੰਤਰੀ ਕਾਰਜਕਾਲ ਦੌਰਾਨ ਕੋਈ ਕਾਰਵਾਈ ਨਹੀ ਕੀਤੀ ਸੀ ।ਇੱਥੋਂ ਇਹ ਗੱਲ ਵੀ ਜ਼ਿਕਰ ਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਇਸ ਕੇਸ ਵਿੱਚ ਗਵਾਹ ਵੀ ਸੀ ,ਜਿਸਨੇ ਜੱਥੇਦਾਰ ਜੀ ਦੀ ਗੈਰ-ਕਾਨੂੰਨੀ ਹਿਰਾਸਤ ਦੌਰਾਨ ਪੁਲਸ ਅਫਸਰਾਂ ਨਾਲ ਗੱਲ ਕੀਤੀ ਸੀ ।ਕੌਮ ਦੀ ਹਾਲਤ ਦੇਖੋ ਕਿ ਬਾਦਲ ਵਰਗੇ ਕੌਮਘਾਤੀ ਨੂੰ ਸਾਡੇ ਅਖੌਤੀ ਜੱਥੇਦਾਰ ਫਖਰੇ ਕੌਮ ਦੇ ਰੁਤਬੇ ਦਿੱਤੇ ਹਨ ਅਤੇ ਅਸਲ ਫਖਰੇ ਕੌਮ ਦੇ ਹੱਕਦਾਰ ਜੱਥੇਦਾਰ ਕਾਉਕੇ ਨੂੰ ਕੌਮ ਨੇ ਕਾਨੂੰਨੀ ਕਾਰਵਾਈ ਤੋ ਵੀ ਅਣਗੌਲਿਆ ਛੱਡ ਦਿੱਤਾ ।ਜੱਥੇਦਾਰ ਕਾਉਕੇ ਦੀ ਸ਼ਖਸ਼ੀਅਤ ਨਾਲ ਅਸਲ ਇਨਸਾਫ਼ ਤਾਂ ਹੋਵੇਗਾ ਜੋ ਕੌਮ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਲੀਬ ਤੋਂ ਪੰਥ ਰਤਨ ਅਤੇ ਫਖਰੇ ਕੌਮ ਦੇ ਰੁਤਬੇ ਦੇ ਕੇ ਸਨਮਾਨਤ ਕਰੇਗੀ। ••

# ਅਮਰ ਸ਼ਹੀਦ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਬਾਰੇ ਪੰਜਾਬ ਦੀਆਂ 11 ਜਥੇਬੰਦੀਆਂ ਨੇ ਜਿਹੜਾ ਮੈਮੋਰੰਡਮ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਸੀ ਉਸ ਦੀ ਗੂੰਜ ਅਮਰੀਕਾ ਦੀ ਪਾਰਲੀਮੈਂਟ ਵਿੱਚ ਵੀ ਪਈ ਸੀ, ਪੇਸ਼ ਹੈ ਉਸਦੀ ਕਾਪੀ



## ਕਾਂਗ੍ਰੈਸ਼ਨਲ ਰਿਕਾੱਰਡ

**ਵਾਲਿਊਮ 144, ਨੰਬਰ 85**
**(ਵੀਰਵਾਰ, 25 ਜੂਨ 1998)**
**[ਐਕਸਟੈਂਸ਼ਨਜ਼ ਆਫ਼ ਰਿਮਾਰਕਸ]**
**[ਸਫ਼ੇ 51234-51235]**
**ਸਰਕਾਰੀ ਪ੍ਰਕਾਸ਼ਨ ਦਫ਼ਤਰ (GPO) ਰਾਹੀਂ ਕਾਂਗ੍ਰੈਸ਼ਨਲ ਰਿਕਾਰਡ ਆਨਲਾਈਨ**
**[www.gpo.gov]**

## ਭਾਰਤੀ ਪੁਲਿਸ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਦੀ ਤਸ਼ੱਦਦ ਅਤੇ ਹੱਤਿਆ ਦੀ ਜਾਂਚ ਹੋਵੇ ਅਤੇ ਦੋਸ਼ੀਆਂ ਨੂੰ ਸਜ਼ਾ ਮਿਲੇ

**ਮਾਣਯੋਗ ਐਡੋਲਫ਼ਸ ਟਾਊਨਜ਼**
**ਨਿਊਯਾਰਕ ਤੋਂ ਅਮਰੀਕੀ ਹਾਊਸ ਆਫ਼ ਰਿਪ੍ਰੀਜ਼ੈਂਟੇਟਿਵਜ਼ ਵਿੱਚ**

**ਵੀਰਵਾਰ, 25 ਜੂਨ 1998 :** ਸ੍ਰੀ ਟਾਊਨਜ਼: ਸ੍ਰੀ ਸਪੀਕਰ ਸਾਹਿਬ, ਸਿੱਖਾਂ ਪ੍ਰਤੀ ਭਾਰਤ ਦੀ ਬੇਰਹਿਮੀ ਬਾਰੇ ਸੱਚਾਈ ਲਗਾਤਾਰ ਸਾਹਮਣੇ ਆ ਰਹੀ ਹੈ। 13 ਮਨੁੱਖੀ ਅਧਿਕਾਰ ਕਾਰਕੁਨਾਂ ਦੇ ਇਕ ਗਰੁੱਪ ਨੇ 19 ਮਈ ਨੂੰ ਚੰਡੀਗੜ੍ਹ ਵਿੱਚ ਇਕ ਪ੍ਰੈਸ ਕਾਨਫਰੰਸ ਦੌਰਾਨ ਗੁਰਦੇਵ ਸਿੰਘ ਕੌਂਕੇ—ਅਕਾਲ ਤਖ਼ਤ ਦੇ ਜਥੇਦਾਰ—ਦੀ 25 ਦਸੰਬਰ 1992 ਤੋਂ 1 ਜਨਵਰੀ 1993 ਤੱਕ ਹੋਈ ਤਸ਼ੱਦਦ ਅਤੇ ਹੱਤਿਆ ਬਾਰੇ ਬਿਆਨ ਜਾਰੀ ਕੀਤਾ। ਇੱਕ ਹਫ਼ਤਾ ਤਸ਼ੱਦਦ ਕਰਨ ਤੋਂ ਬਾਅਦ, ਸਿੱਖ ਕੌਮ ਦੇ ਧਾਰਮਿਕ ਆਗੂ ਜਥੇਦਾਰ ਕੌਂਕੇ ਨੂੰ ਪੁਲਿਸ ਵੱਲੋਂ ਕਤਲ ਕਰ ਦਿੱਤਾ ਗਿਆ।

ਜਥੇਦਾਰ ਕੌਂਕੇ ਨੂੰ 25 ਦਸੰਬਰ 1992 ਨੂੰ ਲੁਧਿਆਣਾ ਜ਼ਿਲ੍ਹੇ ਦੀ ਜਗਰਾਓਂ ਉਪਮੰਡਲ ਤੋਂ ਪੁਲਿਸ ਵੱਲੋਂ ਅਗਵਾ ਕੀਤਾ ਗਿਆ। ਅਕਾਲੀ ਦਲ ਦੇ ਨੇਤਾ ਪ੍ਰਕਾਸ਼ ਸਿੰਘ ਬਾਦਲ—ਜੋ ਹੁਣ ਪੰਜਾਬ ਦੇ ਮੁੱਖ ਮੰਤਰੀ ਹਨ—ਨੇ ਵੀ ਇਸ ਕਾਰਵਾਈ ਦੀ ਨਿੰਦਾ ਕੀਤੀ। ਇਸ ਬਿਆਨ ਕਾਰਨ ਉਨ੍ਹਾਂ ਨੂੰ ਕੁਝ ਸਮੇਂ ਲਈ ਹਿਰਾਸਤ ਵਿੱਚ ਵੀ ਲਿਆ ਗਿਆ। ਫਿਰ ਵੀ, ਉਨ੍ਹਾਂ ਨੇ ਇਹ ਕਹਿ ਕੇ ਕਿ ਇਸ ਨਾਲ ਕਾਬੂ ਤੋਂ ਬਾਹਰ ਅਤੇ ਕਾਤਲ ਪੁਲਿਸ ਦਾ ਮਨੋਬਲ ਟੁੱਟੇਗਾ, ਭਾਰਤ ਦੇ ਕੇਂਦਰੀ ਜਾਂਚ ਬਿਊਰੋ (CBI) ਕੋਲ ਇਸ ਭਿਆਨਕ ਘਟਨਾ ਦੀ ਜਾਂਚ ਭੇਜਣ ਤੋਂ ਇਨਕਾਰ ਕਰ ਦਿੱਤਾ। ਪੰਜਾਬ ਦੇ ਲੋਕਾਂ ਵਿੱਚ ਇਹ ਗੱਲ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ ਕਿ ਜਥੇਦਾਰ ਕੌਂਕੇ ਦੀ ਤਸ਼ੱਦਦ ਅਤੇ ਹੱਤਿਆ ਲਈ ਜ਼ਿੰਮੇਵਾਰ ਵਿਅਕਤੀ SSP ਸਵਰਨ ਸਿੰਘ ਘੋਟਨਾ ਹੈ। "ਘੋਟਨਾ" ਕੋਈ ਅਖੀਰਲਾ ਨਾਂ ਨਹੀਂ, ਸਗੋਂ ਪੁਲਿਸ ਵੱਲੋਂ ਵਰਤੀ ਜਾਣ ਵਾਲੀ ਇਕ ਬਹੁਤ ਹੀ ਅਮਾਨਵੀ ਤਸ਼ੱਦਦ ਤਕਨੀਕ ਹੈ, ਜਿਸ ਲਈ ਉਹ ਬਦਨਾਮ ਹੈ।

2 ਜਨਵਰੀ 1993 ਨੂੰ ਪੁਲਿਸ ਨੇ ਦਾਅਵਾ ਕੀਤਾ ਕਿ ਜਥੇਦਾਰ ਕੌਂਕੇ ਹਿਰਾਸਤ ਤੋਂ ਭੱਜ ਗਏ ਹਨ। ਇਹ ਦਾਅਵਾ ਝੂਠਾ ਸੀ। ਉਨ੍ਹਾਂ ਨੂੰ ਇੱਕ ਦਿਨ ਪਹਿਲਾਂ ਹੀ ਮਾਰ ਦਿੱਤਾ ਗਿਆ ਸੀ। ਇੱਕ ਅਖਬਾਰੀ ਰਿਪੋਰਟ ਮੁਤਾਬਕ, ਉਨ੍ਹਾਂ ਦੀ ਹੱਤਿਆ ਉਨ੍ਹਾਂ ਦੇ ਸਰੀਰ ਨੂੰ ਦੋ ਹਿੱਸਿਆਂ ਵਿੱਚ ਚੀਰ ਕੇ ਕੀਤੀ ਗਈ, ਬਿਲਕੁਲ ਉਸੇ ਤਰੀਕੇ ਨਾਲ, ਜਿਵੇਂ ਇੱਕ ਹੋਰ ਧਾਰਮਿਕ ਆਗੂ ਬਾਬਾ ਚਰਨ ਸਿੰਘ ਦੇ ਡਰਾਈਵਰ ਨੂੰ ਭਾਰਤੀਆਂ ਵੱਲੋਂ ਮਾਰਿਆ ਗਿਆ ਸੀ।

ਮਨੁੱਖੀ ਅਧਿਕਾਰ ਕਾਰਕੁਨਾਂ ਨੇ ਇਸ ਮਾਮਲੇ ਦੀ ਜਾਂਚ ਲਈ ਇੱਕ ਕਮਿਸ਼ਨ ਬਣਾਇਆ। ਉਨ੍ਹਾਂ ਦੇ ਬਿਆਨ ਅਨੁਸਾਰ, ਉਹ "ਪੰਜਾਬ ਦੇ ਮੁੱਖ ਮੰਤਰੀ ਨਾਲ ਮਿਲਣ ਦਾ ਸਮਾਂ ਮੰਗ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਆਪਣੀਆਂ ਖੋਜਾਂ ਤੋਂ ਅਗਾਹ ਕੀਤਾ ਜਾ ਸਕੇ ਅਤੇ ਦੋਸ਼ੀਆਂ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ ਜਾ ਸਕੇ।" ਉਨ੍ਹਾਂ ਨੇ ਦਰਸਾਇਆ ਕਿ ਇਹ ਮੰਗ "ਉਸ ਸਥਿਤੀ ਦੀ ਹੀ ਦੁਹਰਾਈ ਹੈ ਜੋ ਪ੍ਰਕਾਸ਼ ਸਿੰਘ ਬਾਦਲ ਨੇ ਘਟਨਾ ਦੇ ਸਮੇਂ ਖੁਦ ਅਪਣਾਈ ਸੀ। ਅਕਾਲ ਤਖ਼ਤ ਸਿੱਖਾਂ ਦੀ ਸਭ ਤੋਂ ਉੱਚੀ ਸੰਸਥਾ ਹੈ ਜੋ ਉਨ੍ਹਾਂ ਦੀਆਂ ਧਾਰਮਿਕ ਅਤੇ ਧਰਮਨਿਰਪੇਖ਼ ਆਕਾਂਖ਼ਿਆਵਾਂ ਦੀ ਪ੍ਰਤੀਕ ਹੈ। ਇਸ ਦੇ ਸਾਬਕਾ ਜਥੇਦਾਰ ਨੂੰ ਅਮਾਨਵੀ ਤਰੀਕੇ ਨਾਲ ਤਸ਼ੱਦਦ ਕਰ ਕੇ ਮਾਰ ਦਿੱਤਾ ਗਿਆ। ਸਾਨੂੰ ਪੂਰਾ ਭਰੋਸਾ ਹੈ ਕਿ ਪੰਜਾਬ ਦੇ ਸਿੱਖ ਮੁੱਖ ਮੰਤਰੀ ਇਸ ਮਾਮਲੇ ਨੂੰ ਉਸੇ ਲਾਪਰਵਾਹੀ ਨਾਲ ਨਹੀਂ ਲੈਣਗੇ ਜੋ ਆਮ ਤੌਰ 'ਤੇ ਉਹ ਸਾਡੇ ਮਨੁੱਖੀ ਅਧਿਕਾਰਾਂ ਬਾਰੇ ਦਿਖਾਉਂਦੇ ਆਏ ਹਨ।"

ਉਨ੍ਹਾਂ ਨੇ ਕੇਸ ਦੇ ਮੁੱਖ ਗਵਾਹਾਂ ਲਈ ਪੁਲਿਸ ਸੁਰੱਖਿਆ ਦੀ ਵੀ ਮੰਗ ਕੀਤੀ, ਕਿਉਂਕਿ ਭਾਰਤ ਵਿੱਚ ਗਵਾਹਾਂ ਨੂੰ ਡਰਾਉਣ, ਰਿਸ਼ਵਤ ਦੇਣ ਅਤੇ ਇੱਥੋਂ ਤੱਕ ਕਿ ਕਤਲ ਕਰਨ ਦਾ ਰਿਕਾਰਡ ਮੌਜੂਦ ਹੈ। ਇਸ ਬਿਆਨ 'ਤੇ ਦਸਤਖ਼ਤ ਕਰਨ ਵਾਲਿਆਂ ਵਿੱਚ ਹਿੰਦੂ ਮਨੁੱਖੀ ਅਧਿਕਾਰ ਕਾਰਕੁਨ ਰਾਮ ਨਾਰਾਇਣ ਕੁਮਾਰ, ਜਸਟਿਸ ਕੁਲਦੀਪ ਸਿੰਘ (ਵਿਸ਼ਵ ਸਿੱਖ ਕੌਂਸਲ ਦੇ ਪ੍ਰਧਾਨ), ਜਸਟਿਸ ਅਜੀਤ ਸਿੰਘ ਬੈਂਸ, ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੇ ਚੇਅਰਮੈਨ, ਇੰਦਰਜੀਤ ਸਿੰਘ ਜੈਜੀ, ਮੂਵਮੈਂਟ ਅਗੇਨਸਟ ਸਟੇਟ ਰਿਪ੍ਰੈਸ਼ਨ ਦੇ ਚੇਅਰਮੈਨ, ਡਾ. ਸੁਖਜੀਤ ਕੌਰ, ਮੇਜਰ ਜਨਰਲ ਨਰਿੰਦਰ ਸਿੰਘ, ਅਮ੍ਰਿਕ ਸਿੰਘ ਮੁਕਤਸਰ, ਡੀ.ਐੱਸ. ਗਿੱਲ, ਆਰ.ਐੱਸ. ਬੈਂਸ, ਅਮਰ ਸਿੰਘ ਚਾਹਲ, ਜਸਪਾਲ ਸਿੰਘ ਢਿੱਲੋਂ, ਸ੍ਰੀਮਤੀ ਬਲਜੀਤ ਕੌਰ ਅਤੇ ਨਵਕੀਰਨ ਸਿੰਘ ਸ਼ਾਮਲ ਹਨ। ਭਾਰਤੀ ਜ਼ੁਲਮ ਦੇ ਖ਼ਿਲਾਫ਼ ਖੜ੍ਹੇ ਹੋਣ ਲਈ ਉਨ੍ਹਾਂ ਦੀ ਹਿੰਮਤ ਨੂੰ ਮੰਨਤਾ ਮਿਲਣੀ ਚਾਹੀਦੀ ਹੈ।

ਇਹ ਘਟਨਾ ਇਸ ਸੱਚਾਈ ਨੂੰ ਉਜਾਗਰ ਕਰਦੀ ਹੈ ਕਿ ਭਾਰਤੀ ਸ਼ਾਸਨ ਹੇਠ ਰਹਿੰਦੇ ਘੱਟ ਗਿਣਤੀ ਦੇ ਲੋਕਾਂ ਲਈ ਕੋਈ ਲੋਕਤੰਤਰ ਨਹੀਂ ਹੈ। ਸਿਰਫ਼ ਇਹ ਗੱਲ ਕਿ ਉਨ੍ਹਾਂ ਕੋਲ ਆਪਣੇ ਜ਼ਾਲਮ ਚੁਣਨ ਦਾ ਹੱਕ ਹੈ, ਇਸਦਾ ਮਤਲਬ ਇਹ ਨਹੀਂ ਕਿ ਉਹ ਲੋਕਤੰਤਰ ਵਿੱਚ ਰਹਿੰਦੇ ਹਨ। ਇਸ ਪ੍ਰਸੰਗ ਵਿੱਚ, ਭਾਰਤ ਭਰ ਵਿੱਚ 17 ਆਜ਼ਾਦੀ ਦੀਆਂ ਲਹਿਰਾਂ ਹੋਣਾ ਕੋਈ ਹੈਰਾਨੀ ਦੀ ਗੱਲ ਨਹੀਂ। ਜੇ ਸੰਯੁਕਤ ਰਾਜ ਅਮਰੀਕਾ ਦੱਖਣੀ ਏਸ਼ੀਆ ਵਿੱਚ ਅਸਲੀ ਆਜ਼ਾਦੀ, ਅਮਨ ਅਤੇ ਸਥਿਰਤਾ ਚਾਹੁੰਦਾ ਹੈ, ਤਾਂ ਸਾਨੂੰ ਸਿੱਖ ਕੌਮ ਅਤੇ ਦੱਖਣੀ ਏਸ਼ੀਆ ਦੀਆਂ ਸਾਰੀਆਂ ਕੌਮਾਂ ਲਈ ਆਤਮ-ਨਿਰਣੈ ਦੇ ਹੱਕ ਦਾ ਸਮਰਥਨ ਕਰਨਾ ਚਾਹੀਦਾ ਹੈ। ਮੈਂ ਆਪਣੇ ਸਾਥੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਪੰਜਾਬ, ਖਾਲਿਸਤਾਨ ਵਿੱਚ ਅੰਤਰਰਾਸ਼ਟਰੀ ਨਿਗਰਾਨੀ ਹੇਠ ਪਲੈਬਿਸਾਈਟ ਦਾ ਸਮਰਥਨ ਕਰਨ, ਤਾਂ ਜੋ ਇਸ ਪਰੇਸ਼ਾਨ ਦੇਸ਼ ਦੀ ਰਾਜਨੀਤਿਕ ਸਥਿਤੀ ਦਾ ਫੈਸਲਾ ਲੋਕਤੰਤਰਿਕ ਢੰਗ ਨਾਲ ਕੀਤਾ ਜਾ ਸਕੇ। ਮੈਂ ਆਪਣੇ ਸਾਥੀਆਂ ਨੂੰ ਇਹ ਵੀ ਅਪੀਲ ਕਰਦਾ ਹਾਂ ਕਿ ਉਹ ਭਾਰਤ ਲਈ ਸਾਰੀ ਮਦਦ ਰੋਕਣ ਦੇ ਹੱਕ ਵਿੱਚ ਵੋਟ ਪਾਉਣ, ਜਦ ਤੱਕ ਸਾਰੇ ਲੋਕਾਂ ਦੇ ਮੂਲ ਮਨੁੱਖੀ ਅਤੇ ਲੋਕਤੰਤਰਿਕ ਅਧਿਕਾਰਾਂ ਦੀ ਇੱਜ਼ਤ ਨਹੀਂ ਕੀਤੀ ਜਾਂਦੀ। ਮੈਂ "ਕਮੇਟੀ ਫ਼ੋਰ ਕੋਆਰਡੀਨੇਸ਼ਨ ਆਨ ਡਿਸਅਪੀਅਰੈਂਸਿਜ਼ ਇਨ ਪੰਜਾਬ" ਵੱਲੋਂ ਜਾਰੀ ਬਿਆਨ ਨੂੰ ਰਿਕਾਰਡ ਵਿੱਚ ਸ਼ਾਮਲ ਕਰਨਾ ਚਾਹੁੰਦਾ ਹਾਂ। ••

**[Congressional Record Volume 144, Number 85 (Thursday, June 25, 1998)]**
**[Extensions of Remarks] [Pages E1234-E1235]**
**From the Congressional Record Online through the Government Publishing Office [www.gpo.gov]**

## TORTURE AND MURDER OF AKAL TAKHT JATHEDAR BY INDIAN POLICE MUST BE INVESTIGATED AND PUNISHED

**HON. EDOLPHUS TOWNS of new york**
**in the house of representatives**
**Thursday, June 25, 1998**

Mr. TOWNS. Mr. Speaker, the truth about India's brutality towards the Sikhs continues to come to light. A group of 13 human-rights activists issued a statement on May 19 at a press conference in Chandigarh about the torture and murder of Gurdev Singh Kaunke, the Jathedar of the Akal Takht, from December 25, 1992 to January 1, 1993. After being tortured for a week, Jathedar Kaunke, the religious leader of the Sikh Nation, was murdered by the police. Jathedar Kaunke was abducted on December 25, 1992 by the police from the Jagraon subdivision of the Ludhiana district. Even Akali Dal leader Parkash Singh Badal, now the Chief Minister of Punjab, condemned this action. He was briefly detained for his statement. Yet he has refused to refer this terrible incident for investigation by India's Central Bureau of Investigation (CBI) on the flimsy pretext that it would demoralize the murderous, out-of-control Punjab police. It is a well- known fact among the people of Punjab that the person responsible for the torture and murder of Jathedar Kaunke is SSP Swaran Singh Ghotna. Ghotna is not a last name, but a very inhumane torture technique used by the police for which he is infamous. On January 2, 1993, the police claimed that Jathedar Kaunke had escaped. This claim was false. He had been killed the day before. According to a news article, he was murdered by being torn in half, similar to the way that the driver for another religious leader, Bbab Charan Singh, was murdered by the Indians. The human-rights activists created a commission to look into the matter. According to their statement, they seek ``an appointment with the Chief Minister of Punjab to acquaint him with its findings and to demand registration of a case against the culprits.'' They pointed out that this demand ``is no more than a reiteration of the position that Parkash Singh Badal himself had taken at the time of the incident. The Akal Takht is the highest institution of the Sikhs that embodies their sacral and secular aspirations. Its former Jathedar was inhumanly tortured to death. We are confident that the Sikh Chief Minister of Punjab would not treat this matter in the same lackadaisical spirit that generally marks his attitude on our human-rights concerns.'' They also demanded police protection for key witnesses in the case because India has a record of intimidating, bribing, even killing witnesses. Signers of this statement include Hindu human-rights activist Ram Narayan Kumar, Justice Kuldip Singh, President of the World Sikh Council, Justice Ajit Singh Bains, chairman of the Punjab Human Rights Organization, Inderjit Singh Jaijee, chairman of the Movement Against State Repression, Dr. Sukhjit Kaur, Maj. Gen. Narinder Singh, Amrik Singh Muktsar, D.S. Gill, R. S. Bains, Amar Singh Chahal, Jaspal Singh Dhillon, Mrs. Baljit Kaur, and Navkiran Singh. They should be recognized for their courage in standing up to the Indian tyranny. This incident reveals the truth that for minorities living under Indian rule, there is no democracy. The mere fact that they have the right to choose their oppressors does not mean that they live in a democracy. In this light, it is not surprising that there are 17 freedom movements throughout India. If the United States is interested in real freedom, peace, and stability in South Asia, we must support self-determination for the Sikh Nation and all the nations of South Asia. I call on my colleagues to join in supporting an internationally- supervised plebiscite in Punjab, Khalsitan, so that the political status of this troubled country can be decided the democratic way. I also call for my colleagues to vote to stop all aid to India until the basic human and democratic rights of all people are respected. I would like to introduce the statement from The Committee for Coordination on Disappearances in Punjab in the Record. The Committee for Coordination on Disappearances in Punjab Bhai Gurdev Singh Kaunke, former Jathedar of the Akal Takht, was illegally arrested from his village home in Jagraon subdivision of Ludhiana district on 25 December 1992. The police authorities later claimed that Bhai Gurdev Singh Kaunke escaped from the custody of 2 January 1993, a claim that was widely condemned as false. Holding the then Chief Minister Beant Singh responsible for the murder of Jathedar Kaunke, Akali Dal (Badal) had not only demanded his resignation but had also asked for a high powered judicial inquiry to determine the truth. Prakash Singh Badal, the present Chief Minister of Punjab, was himself detained when he was visiting the bereaved at their village on 5 January 1992. A copy of the Punjabi Tribune dated 10 January 1993, which reported the Badal Akali Dal's position on Jathedar Kaunke's case, and report of his arrest in Ajit's 6 January 1992 edition, are enclosed. A team specially appointed by the Committee has been conducting investigations to determine the true facts of the case. The team comprises the following: Ram Narayan Kumar, Amrik Singh Muktsar, Jasapl Singh Dhillon, D.S. Gill and Rajwinder Singh Bains. Investigation conducted by this team conclusively proves inhuman torture of Bhai Gurdev Singh Kaunke, first at the Sadar Police Station of Jagraon and then at the CIA interrogation Center, from 25 December 92 to 1 January 1993. The team has also acquired irrefutable evidence to establish that the former Jathedar of the Akal Takht was killed under torture. The Coordination Committee is seeking an appointment with the Chief Minister of Punjab to acquaint him with its findings and to demand registration of a case against the culprits under relevant sections of the IPC. We also insist that the government of Punjab must hand over the investigation of the case to the CBI. Our demand, which rests on legally binding evidence, is no more than a reiteration of the position that Prakash Singh Badal had himself taken at the time of the incident. The Akal Takht is the highest institution of the Sikhs that embodies their sacral and secular aspirations. Its former Jathedar was inhumanly tortured to death. We are confident that the Sikh Chief Minister of Punjab would not treat this matter in the same lackadaisical spirit that generally marks his attitude on our human rights concerns. We also demand that the key witnesses in the case and their family members be provided with adequate security from a central police force. Our experience in the Khalra case shows that policemen accused of grave human rights offenses resort to every method--from cajoling, browbeating and bribing to open threats to life--to suborn the witnesses and to destroy the evidence. Therefore, it is crucial that the key witnesses to the custodial torture and murder of Akal Takht's former Jathedar are protected from harassment from the very beginning. Darshan Singh, former policeman at Jagraon when the incident occurred, is a key witness in the case. We demand that Drashan Singh and his family members be protected by the CRPF. We would submit a list of other important witnesses in the case, who must likewise be protected, to the Chief Minister when we meet him. Justice (rtd) Kuldip Singh, President, World Sikh Council; Justice (rtd) Ajit Singh Bains, Maj. Gen (rtd) Narinder Singh, D.S. Gill, Amar Singh Chahal, Inderjit Singh Jaijee, Navkiran Singh, Ram Narayan Kumar, Converter; Dr. (Mrs.) Sukhjit Kaur, Amrik Singh Muktsar, R.S. Bains, Jaspal Singh Dhillon, Mrs. Baljit Kaur.




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008

Contact :
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'





## ਸ਼ਹੀਦਾਂ ਦੀ ਯਾਦ 'ਚ ਅਤੇ ਭਲਵਾਨਾਂ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਇੰਗਲੈਂਡ ਨਿਵਾਸੀ ਸ. ਜੋਗਿੰਦਰ ਸਿੰਘ ਢੰਡੋਵਾਲ ਦੇ ਪਰਿਵਾਰ ਵੱਲੋਂ ਹੋਵੇਗੀ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ 12 ਜਨਵਰੀ, 2026 (ਦਿਨ ਸੋਮਵਾਰ) ਸਵੇਰੇ 10.00 ਵਜੇ ਨੂੰ ਹੋਵੇਗੀ, ਜਿਨ੍ਹਾਂ ਦੇ ਭੋਗ 14 ਜਨਵਰੀ, 2026 (ਦਿਨ ਬੁੱਧਵਾਰ) ਨੂੰ ਸਵੇਰੇ 10.00 ਵਜੇ ਪਾਏ ਜਾਣਗੇ। ਅਰਦਾਸ ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਪੰਥ ਪ੍ਰਸਿੱਧ ਰਾਗੀ-ਢਾਡੀ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਛਿੰਝ ਦੌਰਾਨ ਭਲਵਾਨ ਆਪਣੀ ਭਲਵਾਨੀ ਦੇ ਜੌਹਰ ਦਿਖਾਉਣਗੇ।

ਛਿੰਝ ਮੇਲੇ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।

### ਸਮੂਹ ਇਲਾਕਾਵਸੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ

### ਵੱਲੋਂ: ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)

ਸੰਪਰਕ: (ਨਛੱਤਰ ਸਿੰਘ ਸੱਤੀ) 98151-02950, 82840-32366 (ਬਲਿਹਾਰ ਸਿੰਘ ਨੰਬਰਦਾਰ), (ਜੀਤ ਸਿੰਘ) 92573-40139

ਪੰਜਾਬ ਦਾ ਦਰਦ ਰੱਖਣ ਖਾਤਰ

# ਕਿਰਨਬੀਰ ਸਿੰਘ ਕੰਗ ਬਣਾ ਸਕਦੇ ਨਵਾਂ ਅਕਾਲੀ ਦਲ ?





ਸਾਬਕਾ ਯੂਥ ਅਕਾਲੀ ਦਲ ਦਾ ਪ੍ਰਧਾਨ ਕਿਰਨਬੀਰ ਸਿੰਘ ਕੰਗ ਬਹੁਤ ਜ਼ਿਆਦਾ ਸਿਆਣਾ, ਸੁਲਝਿਆ ਹੋਇਆ ਤੇ ਬਹੁਤ ਪੜ੍ਹਿਆ ਲਿਖਿਆ ਇੰਨਸਾਨ ਹੈ! ਇਹ ਬਾਦਲ ਦਲ ਦੇ ਕਿਸੇ ਵੇਲੇ ਯੂਥ ਦੇ ਪ੍ਰਧਾਨ ਰਹੇ ਨੇ! ਇਹਨਾਂ ਦੇ ਯੂਥ ਦੇ ਪ੍ਰਧਾਨ ਰਹਿਣ ਤੱਕ ਅਕਾਲੀ ਦਲ ਨੇ ਕਾਫ਼ੀ ਤਰੱਕੀ ਕੀਤੀ ਸੀ! ਇਹਨਾਂ ਨੇ ਆਪਣੀ ਸਟੂਡੈਂਟ ਲਾਇਨ ਵਿੱਚੋਂ ਹੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ ਤੇ ਸੋਈ ਦੇ ਸਿਰਕੱਢ ਲੀਡਰ ਵੀ ਰਹੇ ਨੇ! ਸੁਖਬੀਰ ਬਾਦਲ ਦੇ ਵੀ ਬਹੁਤ ਨੇੜੇ ਸੀ! ਜਦੋਂ ਪ੍ਰਕਾਸ਼ ਸਿੰਘ ਬਾਦਲ ਇਹਨਾਂ ਨੂੰ ਘਰੋਂ ਲੈਣ ਗਏ ਸੀ !ਇਹ ਨਾਰਾਜ਼ ਹੋ ਗਏ ਸੀ ਇਹਨਾਂ ਬੂਹਾ ਨਹੀਂ ਸੀ ਖੋਲਿਆ ਕਿ ਮੈਂ ਤੁਹਾਡੇ ਨਾਲ ਨਹੀਂ ਚੱਲ ਸਕਦਾ! ਤੁਸੀਂ ਪਰਿਵਾਰ ਵਾਦ ਲਿਆ ਕੇ ਆਪਣਾ ਵੀ ਤੇ ਪਾਰਟੀ ਦਾ ਵੀ ਬੇੜਾ ਗ.ਰਕ ਕਰ ਦਿੱਤਾ ਹੈ! ਵੈਸੇ ਪਰਿਵਾਰਵਾਦ 1995 ਵਿੱਚ ਆ ਗਿਆ ਸੀ! ਇਸ ਤੋਂ ਪਹਿਲਾਂ ਪ੍ਰਕਾਸ਼ ਬਾਦਲ ਕਾਂਗਰਸ ਨੂੰ ਪਾਣੀ ਪੀ ਪੀ ਕੋਸਦੇ ਸੀ ਕਿ ਇਹ ਪਰਿਵਾਰਵਾਦ ਦੀ ਪਾਰਟੀ ਹੈ! ਤੇ 1995 ਵਿੱਚ ਜਦੋਂ ਆਪਣਾ ਫਰਜ਼ੰਦ ਸੁਖਬੀਰ ਬਾਦਲ ਆ ਗਿਆ ਤਾਂ ਫਿਰ ਇਹ ਕਹਿਣਾ ਬੰਦ ਕਰ ਦਿੱਤਾ! ਮਨਜੀਤ ਸਿੰਘ ਕਲਕੱਤਾ ਨੇ ਕਿਹਾ ਬਾਦਲ ਸਾਬ੍ਹ ਤੁਸੀਂ ਆਪਣੇ ਬੇਟੇ ਨੂੰ ਤਾਂ ਲੈ ਆਏ ਹੋ! ਹੁਣ ਕਿਤੇ ਇਹ ਨਾ ਹੋਵੇ ਕਿ ਹਰ ਲੀਡਰ ਦਾ ਬੇਟਾ ਇੱਥੇ ਪ੍ਰਧਾਨ ਹੋਵੇ ਤੇ ਉਹ ਗੱਲ ਹੋਗੀ! ਭੂੰਦੜ, ਢੀਂਡਸਾ , ਬ੍ਰਹਮਪੁਰਾ ਤੇ ਹੋਰ ਆਪਣੇ ਆਪਣੇ ਬੇਟਿਆਂ ਨੂੰ ਲੈ ਆਏ !ਇਹ ਪਰਿਵਾਰਵਾਦ ਦੀ ਪਾਰਟੀ ਬਣ ਗਈ! ਕਿਰਨਬੀਰ ਸਿੰਘ ਕੰਗ ਨੇ ਉਦੋਂ ਹੀ ਕਹਿ ਦਿੱਤਾ ਸੀ ਕਿ ਹੁਣ ਤੁਹਾਡਾ ਭੱਠਾ ਬੈਠ ਗਿਆ ਹੈ! ਹੁਣ ਤੁਹਾਡਾ ਅਕਾਲੀ ਦਲ ਨਹੀਂ ਰਹਿ ਗਿਆ! ਪਰਿਵਾਰ ਵਾਦ ਦਲ ਬਣ ਕੇ ਰਹਿ ਗਿਆ ਹੈ! ਪੰਥਕ ਅਕਾਲੀ ਦਲ ਨਹੀਂ ਰਹਿ ਗਿਆ !ਇਹ ਛੱਡ ਗਏ ਉਹਨਾਂ ਨੂੰ! ਪਰ ਪੰਜਾਬ ਦਾ ਦਰਦ ਹਮੇਸ਼ਾ ਦਿਲ ਵਿੱਚ ਸਮਾ ਕੇ ਰੱਖਿਆ ! ਗੈਂਗਸਟਰਾਂ ਨੂੰ ਸਮਝਾਇਆ ਕਿ ਕਾਕਾ ਤੁਹਾਨੂੰ ਪਤਾ ਇਸ ਵਿੱਚ ਤੁਹਾਡਾ ਅੰਤ ਕੀ ਹੈ !ਮੌਤ! ਜਿਹੜੇ ਸਮਝ ਗਏ ਬੱਚ ਗਏ! ਜਿਹੜੇ ਨਹੀਂ ਸਮਝੇ !ਦੇਖ ਲੋ ਕੀ ਕੁੱਝ ਹੋ ਰਿਹਾ ਉਹਨਾਂ ਨਾਲ! ਕੋਈ ਜੇਲ੍ਹ ਵਿੱਚ ਆ, ਕੋਈ ਕਿਤੇ ਆ, ਕਿਸੇ ਦਾ ਇੰਨਕਾਊਂਟਰ ਹੋ ਰਿਹਾ! ਗੈਂਗਸਟਰਾਂ ਨੇ ਜਵਾਬ ਦਿੱਤਾ ਕਿ ਸਾਨੂੰ ਪਤਾ ਸਾਡਾ ਅੰਤ ਮੌਤ ਆ !ਪਰ ਅਸੀਂ ਕਰੀਏ ਵੀ ਕੀ ! ਇਹਨਾਂ ਕਿਹਾ ਮੁੱਖ ਧਾਰਾ ਵਿੱਚ ਆ ਜਾਉ !ਕਈ ਆਏ ਵੀ ਨੇ ! ਤੁਸੀਂ ਵੀ ਆ ਜਾਉ ਪਰ ਉਹ ਮੁੱਖ ਧਾਰਾ ਵਿੱਚ ਆਉਣ ਲਈ ਤਿਆਰ ਨਹੀਂ ਹੋਏ ! ਕਿਰਨਬੀਰ ਸਿੰਘ ਕੰਗ ਹੋਣਾ ਦਾ ਪਿਛੋਕੜ ਵੀ ਕੋਈ ਐਵੇਂ ਨਹੀਂ ਆ! ਧਾਕੜ ਬੰਦੇ ਰਹੇ ਨੇ, ਖਾੜਕੂ ਸੁਭਾਅ ਦੇ ਨੇ !ਕੋਈ ਐਰੇ ਗੈਰੇ ਬੰਦੇ ਨਹੀਂ ਨੇ! ਕਿਰਨਬੀਰ ਸਿੰਘ ਕੰਗ ਕਹਿੰਦੇ ਦੇ ਅਸੀਂ ਵੱਡੇ ਧਨਾਢ ਨਹੀਂ ਤਾਂ ਗਰੀਬ ਵੀ ਨਹੀਂ ਆ! ਪੰਜਾਬ ਦਾ ਦਰਦ ਰੱਖਣ ਖਾਤਰ ਹੁਣ ਉਹਨਾਂ ਨੇ ਪੰਜਾਬੀ ਲੋਕ ਰਾਜ ਪਾਰਟੀ ਰਜਿਸਟਰਡ ਹੋਣ ਵਾਸਤੇ ਭੇਜ ਦਿੱਤੀ ਹੈ! ਕਹਿੰਦੇ ਇਸ ਵਿੱਚ ਅਸੀਂ ਆਪਣਾ ਏਜੰਡਾ ਲੈ ਕੇ ਜਾਵਾਂਗੇ! ਪੰਜਾਬ ਦੇ ਵਿਕਾਸ ਦੀ ਗੱਲ ਕਰਾਂਗੇ! ਪੰਜਾਬ ਦੇ ਨੌਜੁਆਨਾਂ ਨੂੰ ਸਿੱਧੇ ਰਸਤੇ ਤੇ ਲੈ ਕੇ ਆਵਾਂਗੇ! ਜਿਹੜੇ ਨੌਜੁਆਨ ਬਾਹਰ ਜਾ ਰਹੇ ਨੇ! ਸਮਝਾਵਾਂਗੇ ਕਿ ਪੰਜਾਬ ਵਿੱਚ ਬਹੁਤ ਕੁੱਝ ਹੈ! ਪੰਜਾਬ ਵਿੱਚ ਰਹੋ! ਕਿਰਨਬੀਰ ਸਿੰਘ ਕੰਗ ਕਹਿੰਦੇ ਪੰਜਾਬ ਅੱਜ ਵੀ ਸੋਨੇ ਦੀ ਚਿੜ੍ਹੀ ਹੈ !ਜੇ ਲੁੱਟਣ ਵਾਲੇ ਬੰਦ ਕਰਨ ਆਪਣਾ ਕਾਰੋਬਾਰ! ਕਿਰਨਬੀਰ ਸਿੰਘ ਕੰਗ ਵਿੱਚ ਕੰਮ ਕਰਨ ਦੀ ਸ਼ਕਤੀ ਵੀ ਹੈ! ਬਹੁਤ ਪੜ੍ਹੇ ਲਿਖੇ ਵੀ ਨੇ! ਉਹਨਾਂ ਇਹ ਵੀ ਕਿਹਾ ਕਿ ਆਪ ਇਲੈਕਸ਼ਨ ਕੋਈ ਨਹੀਂ ਲੜਨੀ! ਇਲੈਕਸ਼ਨ ਨੌਜੁਆਨਾਂ ਨੂੰ ਲੜਾਉਣੀ ਹੈ! ਇਹ ਵੀ ਇੱਕ ਚੰਗੀ ਤਿਆਗ ਦੀ ਭਾਵਨਾ ਹੈ! ਕਹਿੰਦੇ ਨੇ ਜਿਹੜਾ ਲੀਡਰ ਇਲੈਕਸ਼ਨ ਨਹੀਂ ਲੜਦਾ ਫਿਰ ਕਰੂੰਗਾ ਕੀ !ਜੇ ਘੋੜਾ ਘਾਹ ਨਾਲ ਦੋਸਤੀ ਕਰੂੰਗਾ ਫਿਰ ਖਾਉਗਾ ਕੀ! ਫਿਰ ਵੀ ਇਹਨਾਂ ਕਿਹਾ ਕਿ ਮੈਂ ਇਲੈਕਸ਼ਨ ਨਹੀਂ ਲੜਨੀ! ਮੈਂ ਉਹਨਾਂ ਨੌਜੁਆਨਾਂ ਨੂੰ ਅੱਗੇ ਲੈ ਕੇ ਆਉਣਾ ਜਿੰਨ੍ਹਾਂ ਦੇ ਮੰਨ ਵਿੱਚ ਇੱਛਾ ਹੈ ਕੁੱਝ ਕਰਨ ਦੀ ! ਜਿਹੜੇ ਪੰਜਾਬ ਦੇ ਵਿਕਾਸ ਤੇ ਪੰਜਾਬ ਨੂੰ ਵੱਧਿਆ ਫੁੱਲਿਆ ਵੇਖਣਾ ਚਾਹੁੰਦੇ ਨੇ! ਉਹਨਾਂ ਨੂੰ ਅੱਗੇ ਲੈ ਕੇ ਆਉਣਾ! ਦੇਖਦੇ ਹਾਂ ਕਿਹੋ ਜਿਹਾ ਹੁੰਗਾਰਾ ਮਿਲਦਾ ਇਹਨਾਂ ਨੂੰ!

ਆਵਾਜ਼ਿ ਕੌਮ AWAZE QAUM International Newspaper & WEB TV

**-ਗਗਨਦੀਪ ਸਿੰਘ ਮਜੀਠਾ**

ਸੀਨੀਅਰ ਸਿਟੀਜਨ ਕੌਂਸਲ ਵੱਲੋਂ

# ਆਪਣੇ ਬਜੁਰਗ ਮੈਂਬਰਾਂ ਦੇ ਜਨਮਦਿਨ ਮਨਾਏ ਗਏ








**ਫ਼ਿਰੋਜ਼ਪੁਰ, 31 ਦਸੰਬਰ (ਮਨੋਹਰ ਲਾਲ)** :— ਸੀਨੀਅਰ ਸਿਟੀਜਨ ਕੌਂਸਲ ਵੱਲੋਂ ਆਪਣੇ ਬਜੁਰਗ ਮੈਂਬਰਾਂ ਦੇ ਦਿਨ ਬਹੁਤ ਹੀ ਵਧੀਆ ਢੰਗ ਨਾਲ ਬਾਗਬਾਨ ਮੱਖੂ ਗੇਟ ਫ਼ਿਰੋਜ਼ਪੁਰ ਸ਼ਹਿਰ ਵਿਖੇ ਮਨਾਏ। ਇਸ ਮੌਕੇ ਤੇ ਸ੍ਰੀ ਪੀ.ਡੀ ਸ਼ਰਮਾ ਪ੍ਰਧਾਨ, ਸਵਰਨ ਸਿੰਘ ਸੁਹਾਨਾ ਜਨਰਲ ਸਕੱਤਰ, ਹਰੀ ਚੰਦ ਚੋਪੜਾ ਜਨਰਲ ਸਕੱਤਰ, ਵਿਨੋਦ ਗਰੋਵਰ ਕੈਸ਼ੀਅਰ, ਮਖਣ ਲਾਲ ਕੈਸ਼ੀਅਰ, ਅਵਤਾਰ ਸਿੰਘ ਅਡਵਾਈਜਰ, ਬਲਵੀਰ ਸਿੰਘ ਸੰਧੂ, ਪਰਦੀਪ ਕੁਮਾਰ, ਅੰਮ੍ਰਿਤ ਸੋਢੀ, ਸੁਭਾਸ਼ ਕਾਲੀਆ, ਲੀਗਲ ਅਡਵਾਈਜਰ, ਸੁਭਾਸ਼ ਕਟਾਰੀਆ ਹਾਜ਼ਰ ਸਨ। ਇਸ ਮੌਕੇ ਤੇ ਸਭ ਤੋਂ ਪਹਿਲਾਂ ਗੀਤ, ਸੰਗੀਤ ਦਾ ਰੰਗਾ—ਰੰਗ ਪ੍ਰੋਗਰਾਮ ਚਲਿਆ, ਜਿਸ ਵਿਚ ਸ੍ਰੀ ਅਸ਼ੋਕ ਕੱਕੜ, ਐਚ.ਸੀ ਚੋਪੜਾ, ਸ਼ਿਵ ਦਰਸ਼ਨ ਲਾਲ, ਅਵਤਾਰ ਸਿੰਘ, ਪ੍ਰੇਮ ਨਾਥ, ਵਰਿੰਦਰ ਸ਼ਰਮਾ, ਰਾਧੇ ਮੋਹਨ ਨੇ ਗੀਤ ਸੰਗੀਤ ਗਾਏ। ਇਸ ਮੌਕੇ ਤੇ ਗੁਰਦਿਆਲ ਸਿੰਘ ਵਿਰਕ ਨੇ ਛੋਟੇ ਸਾਹਿਬਜ਼ਾਦਿਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਤੇ ਮੈਡਮ ਵੀਨਾ ਸ਼ਰਮਾ ਨੇ ਭਜਨ ਗਾਇਆ, ਆਪ ਜੀ ਦੇ ਕ੍ਰਿਪਾ ਨਾਲ ਸਭ ਕਾਮ ਹੋ ਰਹੇ ਨੇ, ਸਭ ਨੇ ਬਹੁਤ ਹੀ ਪਸੰਦ ਕੀਤਾ। ਇਸ ਤੋਂ ਬਾਅਦ ਸ੍ਰੀਮਤੀ ਕਮਲਾ ਦੇਵੀ ਛਾਬੜਾ ਨੇ ਗੀਤ ਗਾਇਆ ਜੀਵਨ ਤਾਂ ਭਈਆ ਇਕ ਰੇਲ ਹੈ, ਕਭੀ ਪਸੈਂਜਰ ਕਭੀ ਮੇਲ ਹੈ, ਬਹੁਤ ਹੀ ਤਾਰੀਫ ਕੀਤੀ। ਇਸ ਮੌਕੇ ਤੇ ਜਿਨ੍ਹਾਂ ਮੈਂਬਰਾਂ ਦੇ ਜਨਮ ਦਿਨ ਮਨਾਏ ਉਨ੍ਹਾਂ ਵਿਚ ਸ਼ਾਂਤੀ ਭੂਸ਼ਣ ਸ਼ਰਮਾ, ਪ੍ਰਕਾਸ਼ ਚੰਦ, ਸ਼ਿਵ ਰਾਜ ਮਲਹੋਤਰਾ, ਸ਼ਿਵ ਦਰਸ਼ਨ ਲਾਲ ਗੱਖੜ, ਕ੍ਰਿਸ਼ਨ ਕੁਮਾਰ ਕਾਮਰਾ, ਨੰਦ ਕਿਸ਼ੋਰ ਬੇਰੀ, ਗੁਰਦਿਆਲ ਸਿੰਘ ਵਿਰਕ, ਸ੍ਰੀਮਤੀ ਕੁਸ਼ਿਲਆ ਦੇਵੀ, ਮਨੋਹਰ ਲਾਲ ਪੱਤਰਕਾਰ ਪ੍ਰੈਸ ਸਕੱਤਰ, ਰਵਿੰਦਰ ਵਾਲੀਆ, ਸ੍ਰੀਮਤੀ ਕਮਲਾ ਦੇਵੀ ਛਾਬੜਾ ਨੂੰ ਅੱਜ ਹੀ ਸਨਮਾਨਿਤ ਕੀਤਾ ਗਿਆ ਅਤੇ ਜਿਹੜੇ ਮੈਂਬਰ ਰਹਿ ਗਏ ਸਨ, ਉਨ੍ਹਾਂ ਨੂੰ ਅਗਲੀ ਵਾਰੀ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਤੇ ਸੀਨੀਅਰ ਸਿਟੀਜਨ ਕੌਂਸਲ ਦੇ ਪ੍ਰਧਾਨ ਐਡਵੋਕੇਟ ਸ੍ਰੀ ਪੀ.ਸੀ ਸ਼ਰਮਾ ਨੇ ਬੋਲਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਪੋਹ ਮਹੀਨੇ ਦੇ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰ ਸਾਹਿਬਜਾਦੇ, ਮਾਤਾ ਗੁਜਰ ਕੌਰ ਅਤੇ ਅਨੇਕਾਂ ਸ਼ਹੀਦਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਾਨੂੰ ਇਨ੍ਹਾਂ ਦੀ ਦਿੱਤੀ ਹੋਈ ਸ਼ਹਾਦਤ ਨੂੰ ਕਦੇ ਭੁਲਣਾ ਨਹੀਂ ਚਾਹੀਦਾ। ਇਸ ਤੋਂ ਬਾਅਦ ਉਨ੍ਹਾਂ ਪੁਰਾਣੇ ਸਾਲ ਨੂੰ ਅਲਵਿਦਾ ਅਤੇ ਇਕ ਦਿਨ ਬਾਅਦ ਨਵਾਂ ਸਾਲ ਦਸਤਕ ਦੇ ਰਿਹਾ ਹੈ, ਸਭ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਤੁਹਾਡੇ ਲਈ ਨਵਾਂ ਸਾਲ ਖੁਸ਼ੀਆਂ ਖੇੜਿਆਂ ਨਾਲ ਆਵੇ। ਇਸ ਮੌਕੇ ਤੇ ਡੀ.ਸੀ ਬੈਂਕ ਵੱਲੋਂ ਕੇਕ ਲਿਆਂਦਾ, ਇਸ ਮੌਕੇ ਤੇ ਸਟੇਜ਼ ਦੀ ਸੇਵਾ ਸਵਰਨ ਸਿੰਘ ਸੁਹਾਨਾ ਜਨਰਲ ਸਕੱਤਰ ਨੇ ਬਹੁਤ ਹੀ ਵਧੀਆ ਢੰਗ ਨਾਲ ਨਿਭਾਈ। ਇਸ ਤੋਂ ਬਾਅਦ ਜਿਨ੍ਹਾਂ ਮੈਂਬਰਾਂ ਦੇ ਜਨਮ ਦਿਨ ਸਨ, ਉਨ੍ਹਾਂ ਨੂੰ ਗਿਫਟ ਦਿੱਤੇ ਗਏ। ਇਸ ਮੌਕੇ ਤੇ ਬਹੁਤ ਹੀ ਵਧੀਆ ਖਾਣ—ਪੀਣ ਦਾ ਰੇਜਮੈਂਟ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਲਜਿੰਦਰ ਸਿੰਘ ਲਾਡੀ ਨੰਬਰਦਾਰ ,ਕਿਸਾਨ ਮੋਰਚੇ ਦੇ ਜਿਲਾ ਪ੍ਰਧਾਨ ਤੇ ਰਾਜਬੀਰ ਸਿੰਘ ਸਕੱਤਰ ਨਿਯੁਕਤ



ਚੌਂਕ ਮਹਿਤਾ, 31 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)- ਹਲਕਾ ਜੰਡਿਆਲਾ ਗੁਰੂ ਤੋਂ ਭਾਜਪਾ ਦੇ ਇੰਚਾਰਜ ਹਰਦੀਪ ਸਿੰਘ ਗਿੱਲ ਨੇ ਹਲਕੇ ਦੇ ਅੰਦਰ ਪਾਰਟੀ ਦੀ ਮਜ਼ਬੂਤੀ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਹਨ। ਜਿਨਾਂ ਵਿੱਚ ਨੰਬਰਦਾਰ ਗੁਲਜਿੰਦਰ ਸਿੰਘ ਲਾਡੀ ਨੂੰ ਅੰਮ੍ਰਿਤਸਰ ਦਿਹਾਤੀ (2) ਕਿਸਾਨ ਮੋਰਚੇ ਦਾ ਜਿਲਾ ਪ੍ਰਧਾਨ ਅਤੇ ਰਾਜਬੀਰ ਸਿੰਘ ਚੌਂਕ ਨੂੰ ਜਿਲਾ ਸਕੱਤਰ ਨਿਯੁਕਤ ਕੀਤਾ ਹੈ। ਇਨਾਂ ਨਿਯੁਕਤੀਆਂ ਨੂੰ ਲੈਕੇ ਸਥਾਨਕ ਭਾਜਪਾ ਵਰਕਰਾਂ ਵਿਚ ਵੱਡਾ ਖੁਸ਼ੀ ਦਾ ਮਹੌਲ ਹੈ। ਜਿਕਰਯੋਗ ਹੈ ਕਿ ਗੁਲਜਿੰਦਰ ਸਿੰਘ ਲਾਡੀ ਭਾਰਤੀ ਜਨਤਾ ਪਾਰਟੀ ਵੱਲੋਂ ਸਰਕਲ ਮਹਿਤਾ ਦੇ ਮੰਡਲ ਪ੍ਰਧਾਨ ਵੱਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਇਸ ਦੌਰਾਨ ਉਕਤ ਆਗੂਆਂ ਨੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਹਲਕਾ ਇੰਚਾਰਜ ਹਰਦੀਪ ਸਿੰਘ ਗਿੱਲ ਸਮੇਤ ਸਮੁੱਚੀ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ। ਉਨਾਂ ਆਖਿਆ ਕਿ ਪਾਰਟੀ ਨੇ ਜਿਸ ਵਿਸ਼ਵਾਸ਼ ਨਾਲ ਉਨਾਂ ਨੂੰ ਇਹ ਜਿੰਮੇਵਾਰੀ ਸੌਂਪੀ ਹੈ। ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦੀਆਂ ਉਮੀਦਾਂ ਤੇ ਖਰਾ ਉਤਰਨਗੇ। ਉਨਾਂ ਕਿਹਾ ਕਿ ਦਿਹਾਤੀ ਖੇਤਰ ਵਿਚ ਭਾਜਪਾ ਨੂੰ ਮਜ਼ਬੂਤ ਬਣਾਉਣ ਲਈ ਉਹ ਹਰ ਸੰਭਵ ਕੋਸ਼ਿਸ਼ ਕਰਨਗੇ। ਇਸ ਮੌਕੇ ਸੁਖਦੇਵ ਸਿੰਘ ਰਜਧਾਨ, ਸਾਹਿਬ ਸਿੰਘ ਰਜਧਾਨ, ਪੂਰਨ ਸਿੰਘ ਜਲਾਲ, ਕੇਵਲ ਸਿੰਘ ਖੱਬੇ ਰਾਜਪੂਤਾਂ ਮੰਡਲ ਪ੍ਰਧਾਨ, ਹਰਪਾਲ ਸਿੰਘ ਉਦੋ ਨੰਗਲ, ਗਗਨ ਚੂੰਘ, ਹਰਜੋਤ ਸਿੰਘ ਮਹਿਤਾ, ਬੀਬੀ ਮਨਦੀਪ ਕੌਰ, ਗੁਰਪ੍ਰੀਤ ਸਿੰਘ ਚੌਂਕ, ਸ਼ਾਮ ਲਾਲ ਚੌਂਕ ਤੇ ਹੋਰ ਵੀ ਭਾਜਪਾ ਵਰਕਰ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮਨਰੇਗਾ ਐਕਟ 2005 ਨੂੰ ਭੰਗ ਕਰਨ ਦੇ ਚਲਦਿਆਂ ਮਨਰੇਗਾ ਮਜ਼ਦੂਰਾਂ ’ਚ ਰੋਸ

## ਮਨਰੇਗਾ ਸਕੀਮ ਨੂੰ ਖਤਮ ਕਰਨਾ ਗਰੀਬ ਮਜ਼ਦੂਰਾਂ ਨਾਲ ਧੋਖਾ- ਤੂਰ



ਤਲਵੰਡੀ ਸਾਬੋ, 31 ਦਸੰਬਰ (ਗੁਰਜੰਟ ਸਿੰਘ ਨਥੇਹਾ)- ਮਨਰੇਗਾ ਐਕਟ 2005 ਨੂੰ ਹੌਲੀ-ਹੌਲੀ ਭੰਗ ਕਰਨ ਦੇ ਚਲਦਿਆਂ ਦੇਸ਼ ਭਰ ਸਮੇਤ ਇਲਾਕੇ ਵਿੱਚ ਮਨਰੇਗਾ ਮਜ਼ਦੂਰਾਂ ਵਿੱਚ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਮਨਰੇਗਾ ਤਹਿਤ ਕੰਮ ਕਰਨ ਵਾਲੇ ਮਜ਼ਦੂਰਾਂ ਦਾ ਕਹਿਣਾ ਹੈ ਕਿ ਇਸ ਸਕੀਮ ਨਾਲ ਗਰੀਬ ਅਤੇ ਮਜ਼ਦੂਰ ਵਰਗ ਨੂੰ ਸਾਲ ਭਰ ਰੋਜ਼ਗਾਰ ਦੀ ਉਮੀਦ ਮਿਲਦੀ ਸੀ, ਪਰ ਹੁਣ ਕੰਮ ਬੰਦ ਹੋਣ ਕਾਰਨ ਉਹ ਭੁੱਖਮਰੀ ਦੇ ਕਿਨਾਰੇ ਪਹੁੰਚ ਰਹੇ ਹਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਗੁਰਦੀਪ ਸਿੰਘ ਤੂਰ ਨੇ ਕੇਂਦਰ ਸਰਕਾਰ ‘ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਮਨਰੇਗਾ ਵਰਗੀ ਲੋਕ-ਹਿਤੈਸ਼ੀ ਸਕੀਮ ਨੂੰ ਖਤਮ ਕਰਨਾ ਗਰੀਬ ਮਜ਼ਦੂਰਾਂ ਨਾਲ ਸਿੱਧਾ ਧੋਖਾ ਹੈ। ਉਨ੍ਹਾਂ ਕਿਹਾ ਕਿ ਮਨਰੇਗਾ ਐਕਟ 2005 ਦਾ ਮਕਸਦ ਪਿੰਡਾਂ ਵਿੱਚ ਰਹਿੰਦੇ ਗਰੀਬ ਲੋਕਾਂ ਨੂੰ ਘੱਟੋ-ਘੱਟ 100 ਦਿਨਾਂ ਦਾ ਰੋਜ਼ਗਾਰ ਮੁਹੱਈਆ ਕਰਵਾਉਣਾ ਸੀ, ਪਰ ਅੱਜ ਹਾਲਾਤ ਇਹ ਹਨ ਕਿ ਮਜ਼ਦੂਰਾਂ ਨੂੰ ਮਹੀਨਿਆਂ ਤੱਕ ਕੰਮ ਨਹੀਂ ਮਿਲ ਰਿਹਾ। ਸ. ਤੂਰ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਮਨਰੇਗਾ ਸਕੀਮ ਨੂੰ ਤੁਰੰਤ ਪੂਰੀ ਤਰ੍ਹਾਂ ਚਾਲੂ ਕੀਤਾ ਜਾਵੇ ਅਤੇ ਮਜ਼ਦੂਰਾਂ ਨੂੰ ਨਿਯਮਤ ਕੰਮ ਦੇ ਨਾਲ-ਨਾਲ ਬਕਾਇਆ ਮਜ਼ਦੂਰੀ ਵੀ ਜਲਦੀ ਅਦਾ ਕੀਤੀ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸੰਘਰਸ਼ ਦਾ ਰਾਹ ਅਖਤਿਆਰ ਕੀਤਾ ਜਾਵੇਗਾ। ਰੋਸ ਪ੍ਰਗਟ ਕਰਦਿਆਂ ਮਜ਼ਦੂਰਾਂ ਨੇ ਵੀ ਕਿਹਾ ਕਿ ਮਨਰੇਗਾ ਬੰਦ ਹੋਣ ਨਾਲ ਉਹਨਾਂ ਦੇ ਘਰਾਂ ਦੀ ਆਰਥਿਕ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ ਅਤੇ ਸਰਕਾਰ ਨੂੰ ਤੁਰੰਤ ਇਸ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਗੈਂਗਸਟਰਾਂ ਤੋਂ ਕਟੱੜ ਗੁਰਸਿੱਖ ਮਰਵਾਏ ਜਾਣਗੇ ਭਾਜਪਾ ਦੀ ਨੀਤੀ ਹੈ—ਬੰਡਾਲਾ



**ਫ਼ਿਰੋਜ਼ਪੁਰ, 31 ਦਸੰਬਰ (ਮਨੋਹਰ ਲਾਲ)** :— ਦਮਦਮੀ ਟਕਸਾਲ ਦੇ ਬਜੁਰਗ ਨੇਤਾ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਨੇ ਬੋਲਦਿਆਂ ਸਿੱਖ ਕੌਮ ਨੂੰ ਸੁਚੇਤ ਕੀਤਾ ਕਿ ਭਾਜਪਾ ਸਰਕਾਰ ਵੱਲੋਂ ਖੂਫੀਆ ਏਜੰਸੀਆਂ ਨੂੰ ਹਦਾਇਤ ਹੈ ਕਿ ਗੈਰਸਿੱਖ ਜਾਂ ਲਾਲਚੀ ਸਿੱਖ ਜੋ ਗੈਂਗਸਟਰ ਹੈ ਇਨ੍ਹਾਂ ਤੋਂ ਪੁਲਿਸ ਕੈਟਾ ਵਾਲਾ ਰੋਲ ਕਟੜ ਗੁਰਸਿੱਖ ਜਾਂ ਸਿੱਖ ਕੌਮ ਦੇ ਹਕਾ ਬਾਰੇ ਪ੍ਰਚਾਰ ਕਰਨ ਵਾਲੇ ਗਵਈਏ ਪ੍ਰਚਾਰਕ ਦੇਸ਼ਾਂ—ਵਿਦੇਸ਼ਾਂ ਵਿਚ ਆਪਸੀ ਟਕਰਾਅ ਦਾ ਰੋਲਾ ਪਾ ਕੇ ਇਨ੍ਹਾਂ ਤੋਂ ਮਰਵਾਏ ਜਾਣ। ਜਥੇਦਾਰ ਬੰਡਾਲਾ ਨੇ ਕਿਹਾ ਕਿ ਇਸ ਵਕਤ ਗ੍ਰਹਿ ਮੰਤਰੀ ਅਮਿਤ ਸ਼ਾਹ ਚੋਟੀ ਦੇ ਗੈਂਗਸਟਰਾਂ ਨੂੰ ਬਾਹਰਲੀਆਂ ਜੇਲਾਂ ਵਿਚ ਗੁਪਤ ਤੌਰ ਤੇ ਰੱਖ ਕੇ ਇਕ ਮਨਿਸਟਰ ਵਾਲੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬਿਸ਼ਨੋਈ ਜਗੂ ਭਗਵਾਨ ਪੁਰੀਆ ਇਨ੍ਹਾਂ ਤੋਂ ਦੀਪ ਸਿੱਧੂ ਮੂਸੇਵਾਲਾ ਨਿੱਝਰ ਖੰਡਾ ਹਰੀ ਨੋ ਨੂੰ ਮਰਵਾਇਆ ਗਿਆ ਹੈ ਇਨ੍ਹਾਂ ਘਟਨਾ ਤੋਂ ਸਿੱਖ ਆਪਸ ਵਿਚ ਲੜ ਰਹੇ ਗ੍ਰਹਿ ਮੰਤਰੀ ਦੀ ਇਹ ਪਾਲਸੀ ਕਾਮਯਾਬ ਹੋ ਰਹੀ ਹੈ ਅਮਿਤ ਸ਼ਾਹ ਦੇ ਲੜਕੇ ਖਿਲਾਫ ਜਿਹੜਾ ਜੱਜ ਫੈਸਲਾ ਗੁਜਰਾਤ ਵਿਚ ਦੇ ਰਿਹਾ ਸੀ ਉਸ ਜੱਜ ਨੂੰ ਘਰ ਵਿਚ ਘੁਸ ਕੇ ਬਿਸ਼ਨੰਦੀ ਦੇ ਆਦਮੀਆਂ ਨੇ ਮਾਰਿਆ ਵਿਰੋਧੀ ਪਾਰਟੀਆਂ ਵੇਖਦੀਆਂ ਰਹੀਆਂ। ਜਥੇਦਾਰ ਗੁਰਨਾਮ ਸਿੰਘ ਬੰਡਾਲਾ ਨੇ ਕਿਹਾ ਕਿ ਸਰਕਾਰ ਭਾਜਪਾ ਰਾਜ ਨਹੀ ਛੱਡੇਗੀ ਕਈ ਵਿਰੋਧੀ ਨੇਤਾ ਮਾਰੇ ਜਾਣਗੇ ਜਾਂ ਜੇਲਾਂ ਵਿਚ ਜਾਣਗੇ ਸੁਖਬੀਰ ਬਾਦਲ ਨਾਲ ਭਾਜਪਾ ਸਿੱਖ ਕੌਮ ਦਾ ਖਾਤਮਾ ਕਰਨ ਲਈ ਆਉਣ ਵਾਲੇ ਦਿਨਾਂ ਸਮਝੌਤਾ ਕਰੇਗੀ ਸੁਖਬੀਰ ਬਾਦਲ ਰਾਹੀਂ ਜਾਲਮ ਪੁਲਿਸ ਅਫਸਰ ਸੈਣੀ ਵਾਗ ਲਾਕੇ ਮਨ ਚਾਹਿਆ ਜੁਲਮ ਕੀਤਾ ਜਾਵੇਗਾ ਬਾਦਲ ਪਰਿਵਾਰ ਦਾ ਅੰਗਰੇਜਾਂ ਤੋਂ ਲੱਗ ਅੱਜ ਤੱਕ ਇਤਿਹਾਸ ਚੰਗੀ ਤਰ੍ਹਾਂ ਭਾਜਪਾ ਨੇ ਵਾਚਿਆ ਕੱਟੜ ਗੁਰਸਿੱਖ ਮਰਵਾਉਣ ਵਿਚ ਅਤੇ ਦੇਹਧਾਰੀ ਪੰਜਾਬ ਵਿਚ ਕਾਮਯਾਬ ਕਰਨ ਲਈ ਬਾਦਲ ਪੂਰਾ ਫਿਟ ਹੈ ਜੇ ਕਿਤੇ ਦਰਬਾਰ ਸਾਹਿਬ ਤੇ ਅਟੈਕ ਕਰਨਾ ਪਵੇ ਇਹ ਪਰਿਵਾਰ ਭਾਜਪਾ ਦੀਆ ਨੀਤੀਆਂ ਤੇ ਪੂਰਾ ਉਤਰੇਗਾ। ਜਥੇਦਾਰ ਬੰਡਾਲਾ ਨੇ ਕਿਹਾ ਕਿ ਆਉਣ ਵਾਲਾ ਸਮਾਂ ਸਿੱਖ ਕੌਮ ਤੇ ਬਹੁਤ ਭਾਰੀ ਹੋਵੇਗਾ ਮਜਬੀ ਸਿਖ ਭਾਜਪਾ ਤਿਆਰ ਕਰ ਰਹੀ ਹੈ ਸਿੱਖ ਕੌਮ ਦੇ ਸਮਾਗਮ ਵਿਚ ਖਲਰ ਪੁਵਾਕੇ ਆਪਸ ਵਿਚ ਲੜਾਇਆ ਮਰਵਾਇਆ ਜਾਵੇਗਾ ਕਈ ਮਜਬੀ ਨਿਹੰਗਬਾਣੇ ਭਾਜਪਾ ਦੀਆ ਨੀਤੀਆ ਤੇ ਕੰਮ ਕਰਨਗੇ ਆਮ ਪਾਰਟੀ ਲਖ ਵਾਰੀ ਮਾੜੀ ਹੋਵੇਗੀ ਭਗਵੰਤ ਮਾਨ ਨਾ ਦੇਹਧਾਰੀਆ ਨੂੰ ਪ੍ਰਫੁਲਿਤ ਕੀਤਾ ਨਾ ਕੋਈ ਧਰਮੀ ਕਟੜ ਗੁਰਸਿੱਖ ਪੁਲਸ ਰਾਹੀਂ ਮਾਰਿਆ ਜਿਹੜੇ ਲੁਟਾ ਖੋਹਾਂ ਕਰਕੇ ਲੋਕਾਂ ਨੂੰ ਮਾਰਦੇ ਉਨ੍ਹਾਂ ਤੇ ਸਖਤ ਹੈ।

ਆਵਾਜ਼ਿ ਕੌਮ AWAZE QAUM International Newspaper & WEB TV


ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਜੀ ਦੀ
ਸ਼ਹੀਦੀ ਨੂੰ ਪ੍ਰਣਾਮ
www.damdamitaksal.net
Singh Sahib
Bhai Gurdev Singh Kaunke Ji di
Shaheedi Nu Parnam
www.damdamitaksal.net
ਆਵਾਜ਼ਿ ਕੌਮ
AWAZE QAUM
International Newspaper & WEB TV

# ਕੀ ਤੁਹਾਨੂੰ ਇਹ ਮਾਨਸਿਕ ਗੁਲਾਮੀ ਦੀ ਨਿਸ਼ਾਨੀ ਨਹੀਂ ਲੱਗਦੀ ?

## ਨਵਾਂ ਸਾਲ ?

### ਪਹਿਲੀ ਜਨਵਰੀ ਜਾਂ ਪਹਿਲੀ ਚੇਤ

**ਪਿਛੋਕੜ:**
ਪਹਿਲੀ ਜਨਵਰੀ ਵਾਲੇ ਦਿਨ, ਗ੍ਰਿਗੋਰੀਅਨ ਕਲੈਂਡਰ ਦੀ ਅਰੰਭਤਾ ਹੁੰਦੀ ਹੈ। ਇਹ ਕਲੈਂਡਰ ਇਸਾਈਆਂ ਦੇ ਪੋਪ ਗ੍ਰਿਗੋਰੀ ਵੱਲੋਂ ਸਨ 1582 ਵਿੱਚ ਜੂਲੀਅਨ ਕਲੈਂਦਰ ਵਿੱਚ ਸੋਧਾਂ ਕਰਕੇ ਲਾਗੂ ਕੀਤਾ ਗਿਆ ਸੀ। ਇਸ ਕਲੈਂਡਰ ਨੂੰ ਇਸਾਈ ਧਰਮ ਦੇ ਪ੍ਰਭਾਵ ਤਹਿਤ ਹੀ ਪੱਛਮੀ ਦੇਸਾਂ ਵੱਲੋਂ ਸੰਸਾਰ ਦੇ ਬਾਕੀ ਮੁਲਕਾਂ ਉਤੇ ਥੋਪਿਆ ਗਿਆ ਹੈ।

ਪਹਿਲੀ ਚੇਤ (ਜੋ ਮਾਰਚ 14, 2024 ਨੂੰ ਪੈਂਦੀ ਹੈ) ਓਸ ਕਲੈਂਡਰ ਦੀ ਅਰੰਭਤਾ ਦਾ ਸੂਚਕ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਵਿੱਚ ਰਚੀ ਬਾਰਹਮਾਹਾ ਬਾਣੀ ਵਿੱਚ ਦੇ ਪਹਿਲੇ ਮਹੀਨੇ ਵੱਜੋਂ ਅਪਨਾਇਆ। ਸ੍ਰੀ ਗੁਰੂ ਅਰਜੁਨ ਦੇਵ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਰਚੀ ਬਰਹਮਾਹਾ ਬਾਣੀ ਵਿੱਚ ਵੀ ਚੇਤ ਨੂੰ ਹੀ ਪਹਿਲੇ ਮਹੀਨੇ ਵੱਜੋਂ ਪਰਮਾਣਿਤ ਕੀਤਾ ਗਿਆ ਹੈ।

**ਸਿੱਖਾਂ ਨੂੰ ਨਵਾਂ ਸਾਲ ਕਦੋਂ ਮਨਾਉਣਾਂ ਚਾਹੀਦਾ ਹੈ ?**
ਪਹਿਲੀ ਚੇਤ ਨੂੰ; ਕਿਉਕਿ ਚੇਤ ਮਹੀਨੇ ਵਿੱਚ ਹੀ, ਸਰਦ ਰੁਤ ਦੇ ਸਮਾਪਤ ਹੋਣ ਪਿੱਛੋਂ ਉਤਰੀ ਹੈਮਿਸਫੀਅਰ ਵਿੱਚ ਦ੍ਰਖਤਾਂ ਅਤੇ ਪੌਧਿਆਂ ਨੂੰ ਨਵੇਂ ਪੱਤੇ ਅਤੇ ਫਲ ਲੱਗਣੇ ਸ਼ੁਰੂ ਹੁੰਦੇ ਹਨ। ਕਈ ਜਾਨਵਰ ਵੀ ਇਸੇ ਮਹੀਨੇ ਲੰਬੀ ਨੀਂਦ ਤੋਂ ਉਠ ਕੇ ਖਾਣੇ ਦੀ ਤਲਾਸ਼ ਵਿੱਚ ਨਿਕਲਦੇ ਹਨ। ਇਸੇ ਕਰਕੇ ਪਹਿਲੀ ਚੇਤ ਨੂੰ ਹੀ ਸਹੀ ਮਾਇਨੇ ਵਿੱਚ ਹੀ ਨਵੇਂ ਸਾਲ ਦੀ ਅਰੰਭਤਾ ਮੰਨਿਆ ਜਾਣਾ ਚਾਹੀਦਾ ਹੈ।

**ਸਿੱਖਾਂ ਨੂੰ ਨਵਾਂ ਸਾਲ ਪਹਿਲੀ ਜਨਵਰੀ ਨੂੰ ਕਿਓ ਨਹੀਂ ਮਨਾਉਣਾ ਚਾਹੀਦਾ ?**
ਪਹਿਲੀ ਗੱਲ ਜੋ ਅੱਜ ਸਾਨੂੰ ਯਾਦ ਰੱਖਣ ਦੀ ਲੋੜ ਹੈ ਉਹ ਇਹ ਕਿ ਅਸੀਂ ਬਿਨਾਂ ਦੇਸ਼ ਤੋਂ ਕੌਮ ਹਾਂ। ਇਸ ਲਈ ਸਾਡੀਆਂ ਚੁਨੌਤੀਆਂ ਵੀ ਵਿਲੱਖਣ ਹਨ। ਇਨ੍ਹਾਂ ਹਾਲਾਤਾਂ ਵਿੱਚ ਅਸੀ ਆਪਣੀ ਹੋਂਦ ਨੂੰ ਤਾਂ ਹੀ ਬਚਾ ਸਕਾਂਗੇ ਜੇ ਅਸੀਂ ਆਪਣੇ ਮੂਲ ਸਿਧਾਂਤਾਂ ਨਾਲ ਦ੍ਰਿੜਤਾ ਨਾਲ ਜੁੜੇ ਰਹਾਂਗੇ।

ਸਿੱਖਾਂ ਨੂੰ ਪੋਹ ਦਾ ਸਾਰਾ ਮਹੀਨਾ ਹੀ ਉਨ੍ਹਾਂ ਅਨੇਕਾਂ ਗੁਰਸਿੱਖਾਂ ਦੀ ਪਵਿੱਤਰ ਯਾਦ ਨੂੰ ਸਮਰਪਿਤ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਸਨ 1704/1705 ਦੀ ਸਰਦ ਰੁੱਤ ਵਿੱਚ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ ਅਤੇ ਸਰਹਿੰਦ ਵਿੱਚ ਸਿੱਖ ਸਿੱਧਾਂਤਾਂ ਨੂੰ ਕਾਇਮ ਰੱਖਦਿਆਂ ਹੋਇਆਂ ਸ਼ਹੀਦੀਆਂ ਦੇ ਦਿੱਤੀਆਂ ਪਰ ਆਪਣੇ ਧਰਮ ਤੋਂ ਨਹੀਂ ਡੋਲੇ।

ਪਹਿਲੀ ਜਨਵਰੀ ਨੂੰ ਤਾਂ ਸਾਨੂੰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਜੀ ਕਾਉਂਕੇ, ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ ਕਰਨਾ ਚਾਹੀਦਾ ਹੈ। ਸਿੰਘ ਸਾਹਿਬ ਜੀ ਨੂੰ ਹਿੰਦੁਸਤਾਨ ਦੀ ਜ਼ਾਲਮ ਹਕੂਮਤ ਵੱਲੋਂ ਇੱਕ ਹਫਤਾ ਅੰਨ੍ਹਾਂ ਤਸ਼ਦਦ ਕਰਨ ਪਿੱਛੋਂ ਜਨਵਰੀ 1, 1993 ਵਾਲੇ ਦਿਨ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਇਸ ਮਗਰੋਂ ਪੁਲਿਸ ਨੇ ਭਾਈ ਸਾਹਿਬ ਜੀ ਦੇ ਸਰੀਰ ਦੇ ਟੋਟੇ ਟੋਟੇ ਕਰਕੇ ਸਤਲੁਜ ਦਰਿਆ ਵਿੱਚ ਰੋੜ੍ਹ ਦਿੱਤਾ ਸੀ।

**ਅੰਤ ਵਿੱਚ ਇਹ ਤੱਥ ਵੀ ਸਾਡੇ ਧਿਆਨ ਗੋਚਰੇ ਹੋਣਾ ਚਾਹੀਦਾ ਹੈ ਕਿ ਜੇ ਯਹੂਦੀ ਆਪਣਾ ਨਵਾਂ ਸਾਲ ਸਤੰਬਰ-ਅਕਤੂਬਰ ਵਿੱਚ ਅਤੇ ਚੀਨੀ ਲੋਕ ਫਰਵਰੀ-ਮਾਰਚ ਵਿੱਚ ਮਨਾ ਸਕਦੇ ਹਨ ਤਾਂ ਫਿਰ ਸਿੱਖਾਂ ਨੂੰ ਵੀ ਆਪਣੇ ਨਵੇਂ ਸਾਲ ਦੀ ਅਰੰਭਤਾ, ਬੜੇ ਚਾਅ ਨਾਲ, ਪਹਿਲੀ ਚੇਤ ਨੂੰ ਹੀ ਮਨਾਉਣੀ ਚਾਹੀਦੀ ਹੈ।**

## New Year?

### Jan 1st or Chet 1st

**Origin:**
Jan 1st marks the start of the Gregorian calendar which is a Christian calendar created by Pope Gregory XIII in 1582 as a reformed version of the Julian calendar. It was imposed worldwide by the Christian dominated western nations.

Chet 1st (corresponds to March 14, 2024) represents the start of the first month of the calendar adopted by Guru Nanak Dev jee as referenced in the Bani, Barahmaha composed by Him in Raag Tukhari. Guru Arjun Dev jee and Guru Gobind Singh jee also composed Barahmaha Bani maintaining Chet as the first month.

**When should the Sikhs celebrate the New Year?**
Obviously on Chet 1st. This marks the onset of spring in the northern hemisphere when the trees form new leaves, flowers start to blossom, and animals emerge from hibernation after a long winter.

**Why should Sikhs NOT celebrate new year on January 1st?**
Sikhs are a Nation without a State. So, to preserve our rich heritage and values we need to remain as close to our roots as possible.

Sikhs should focus on and dedicate the entire month of Poh (Dec/Jan) to the memory of countless Gursikhs who attained Shaheedee in Anandpur Sahib, Chamkaur Sahib and Sirhind in the winter of 1704/1705 for upholding the Sikh principles.

On Jan 1st, we actually need to commemorate the Shaheedee of Singh Sahib Bhai Gurdev Singh jee Kaunke, Jathedar of Sri Akal Takhat Sahib who was brutally tortured for a week by the Indian Government before killing him on Jan 1st, 1993. His body was then cut into pieces and dumped in the river Sutlej.

**In the end, if the Jews celebrate their new year** (Rosh HaShanah) **in** Sept-Oct **and the Chinese in** Feb-Mar **then we should also celebrate the start of our own new year on Chet 1st with pride.**



ਦਸੰਬਰ 31 ਨੂੰ ਸੰਸਾਰ ਭਰ ਦੇ ਗੁਰਦੁਆਰਾ ਸਾਹਿਬ ਵਿੱਚ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮ ਦੇ ਦੀਵਾਨਾਂ ਵਿੱਚ ਹਾਜ਼ਰੀ ਭਰਨ ਲਈ ਪਹੁੰਚਣਗੀਆਂ। ਇਹ ਸੰਗਤਾਂ ਕਿਸੇ ਗੁਰਪੁਰਬ ਜਾਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਨਹੀਂ ਪਰ ਈਸਾਈ ਮਤ ਦੇ ਪੋਪ ਗ੍ਰੈਗੋਰੀ ਵੱਲੋਂ ਘੜ੍ਹੇ ਕਲੈਂਡਰ ਦੇ ਨਵੇਂ ਸਾਲ ਦੀ ਅਰੰਭਤਾ ਦੀ ਖੁਸ਼ੀ ਵਿੱਚ ਆਉਣਗੀਆਂ। ਗੁਰੂ ਸਾਹਿਬ ਅਤੇ ਗੁਰਮੁਖਾਂ ਦੀ ਸੰਗਤ ਕਰਨ ਲਈ ਸਾਨੂੰ ਗੁਰਮਤਿ ਸਦਾ ਪ੍ਰੇਰਦੀ ਹੈ। ਸੋ ਗੁਰਦੁਆਰਾ ਸਾਹਿਬ ਜਾਣ ਤੇ ਤਾਂ ਕਿਸੇ ਨੂੰ ਕੋਈ ਆਪੱਤੀ ਹੋ ਹੀ ਨਹੀਂ ਸਕਦੀ। ਪਰ ਮੇਰੇ ਖਿਆਲ ਵਿੱਚ ਗੱਲ ਆਮ ਸਧਾਰਨ ਸਿੱਖ ਦੇ ਮਨ ਵਿੱਚ ਆਪਣੀ ਕੌਮੀਅਤ ਦੀ ਅਣਹੋਂਦ ਅਤੇ ਹਿਰਦੇ ਵਿੱਚ ਘਰ ਕਰ ਚੁੱਕੀ ਆਪਣੀਆਂ ਪਰੰਪਰਾਵਾਂ ਪ੍ਰਤੀ ਸਵੈ-ਹੀਣਤਾ ਦੀ ਹੈ। ਗੱਲ ਤਾਂ ਸਿੱਖ ਦੇ ਮਨ ਵਿੱਚ ਆਪਣੇ ਵਿਰਸੇ ਦੀ ਅੈਹਮੀਅਤ ਦੀ ਹੈ। (ਈਸਾਈ) ਨਵੇਂ ਸਾਲ ਦੀ ਅਰੰਭਤਾ ਤੇ ਗੁਰਦੁਆਰਾ ਸਾਹਿਬ ਜਾਣਾ ਤਾਂ ਯਾਦ ਹੈ ਪਰ (ਨਾਸਤਿਕ ਮਿਸ਼ਨਰੀ ਪ੍ਰਚਾਰਕਾਂ ਦੇ ਪ੍ਰਚਾਰ ਦਾ ਸਦਕਾ) ਸੰਗਰਾਂਦ, ਪੂਰਨਮਾਸ਼ੀ ਅਤੇ ਮੱਸਿਆ ਤੇ ਸੰਗਤ ਕਰਨੀ ਮਨਮਤਿ ਅਤੇ ਬ੍ਰਾਹਮਣਵਾਦ ਹੋ ਗਿਆ ਹੈ। ਆਮ ਸਿੱਖਾਂ ਨੂੰ ਇਹ ਤਾਂ ਚੇਤਾ ਹੀ ਨਹੀਂ ਰਿਹਾ ਕਿ ਪੰਥ ਦਾ ਨਵਾਂ ਸਾਲ ਚੇਤ ਮਹੀਨੇ ਦੀ ਸੰਗਰਾਂਦ ਤੋਂ ਅਰੰਭ ਹੁੰਦਾ ਹੈ। (ਕੁੱਝ ਸਮੇਂ ਤੋਂ ਪੰਥ ਵਿੱਚ ਇਸ ਮਸਲੇ ਤੇ ਥੋੜੀ ਬਹੁਤ ਤਬਦੀਲੀ ਜ਼ਰੂਰ ਆਈ ਹੈ) ਕਈ ਸਿਆਣੇ ਇਹ ਵੀ ਤਰਕ ਦੇਣਗੇ ਕਿ ਜੇ ਕੋਈ (ਈਸਾਈ) ਨਵੇਂ ਸਾਲ ਦੀ ਪੂਰਵ ਸੰਧਿਆ ਤੇ ਹੋ ਰਹੀਆਂ ਪਾਰਟੀਆਂ ਵਿੱਚ ਜਾਕੇ ਸ਼ਰਾਬ ਪੀਣ ਦੀ ਬਜਾਏ ਜੇ ਗੁਰਦੁਆਰਾ ਸਾਹਿਬ ਆ ਰਹੇ ਹਨ ਤਾਂ ਤੁਸੀਂ ਉਨ੍ਹਾਂ ਨੂੰ ਕਿਉਂ ਰੋਕਦੇ ਹੋ। ਬਿਲਕੁਲ ਨਹੀਂ ਰੋਕਦਾ। ਕੇਵਲ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਥ ਦੀ ਹਾਲਤ ਤੇ ਤਰਸ ਆਉਂਦਾ ਹੈ। ਜੇ ਕਿਸੇ ਕਾਰਣ ਗੁਰਦੁਆਰਾ ਸਾਹਿਬ ਜਾਣਾ ਮੁਮਕਿਨ ਨਾ ਹੁੰਦਾ ਤਾਂ ਫਿਰ ਸ਼ਰਾਬ ਪੀਣ ਪਾਰਟੀ ਤੇ ਚਲੇ ਜਾਣਾ ਸੀ ? ਆਪਣੇ ਵਿਰਸੇ ਨੂੰ ਭੁਲਾਈ ਬੈਠੇ ਸਿੱਖ, ਗੁਰੂ ਸਾਹਿਬਾਨ, ਸੰਤਾਂ ਮਹਾਂਪੁਰਖਾਂ, ਸ਼ਹੀਦਾਂ ਦੀ ਗੱਲ ਕਰਨ ਤੋਂ ਤਾਂ ਅੱਕ ਜਾਂਦੇ ਹਨ ਪਰ ਇਸਾਈ ਨਵੇਂ ਸਾਲ ਨੂੰ ਮਨਾਉਣਾ ਕਦੇ ਵੀ ਨਹੀਂ ਭੁਲਦੇ।

**ਕੀ ਤੁਹਾਨੂੰ ਇਹ ਮਾਨਸਿਕ ਗੁਲਾਮੀ ਦੀ ਨਿਸ਼ਾਨੀ ਨਹੀਂ ਲੱਗਦੀ ?**

ਆਵਾਜ਼ਿ ਕੌਮ AWAZE QAUM International Newspaper & WEB TV

**ਭਾਈ ਗੁਰਤੇਜ ਸਿੰਘ ਯੂ ਐਸ ਏ**

## ਵਿੱਦਿਆਦਾਨੀ ਤੇ ਪਰਉਪਕਾਰੀ

# ਮਾਨਵੀ ਗੁਣਾਂ ਨਾਲ ਓਤ-ਪੋਤ ਬਾਬਾ ਮਲਕੀਅਤ ਸਿੰਘ ਮਾਣਕੋ (ਜੱਬੜ)

**ਜੀਵਨ** ਦਾ ਹਰ ਪਲ ਮਨੁੱਖਤਾ ਦੀ ਸੇਵਾ ਤੇ ਪਰਉਪਕਾਰ ਵਿੱਚ ਬਿਤਾਉਣ ਵਾਲੇ ਬਾਬਾ ਮਲਕੀਅਤ ਸਿੰਘ ਮਾਣਕੋ (ਜੱਬੜ) ਮਾਨਵੀ ਗੁਣਾਂ ਨਾਲ ਓਤ-ਪੋਤ ਆਤਮਾ ਦੇ ਮਾਲਕ ਸਨ । ਅੱਜ ਭਾਵੇਂ ਸਰੀਰ ਕਰਕੇ ਉਹ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਬਿਰਾਜ ਚੁੱਕੇ ਹਨ, ਪਰ ਉਹ ਵਿੱਦਿਆਦਾਨੀ ਵਜੋਂ ਸਿਮਰਨ, ਦਇਆ, ਨਿਮਰਤਾ ਵਰਗੇ ਵੱਡੇ ਗੁਣਾਂ ਕਰਕੇ

ਆਵਾਜ਼ਿ ਕੌਮ AWAZE QAUM International Newspaper & WEB TV

ਆਪਣੇ ਨਾਲ ਪਿਆਰ ਕਰਨ ਵਾਲੇ ਲੱਖਾਂ ਲੋਕਾਂ ਦੇ ਹਿਰਦੇ ਵਿੱਚ ਵੱਸਦੇ ਹਨ । ਆਪ ਅਜਿਹੀ ਬਹੁ-ਪੱਖੀ ਸ਼ਖ਼ਸੀਅਤ ਸਨ, ਜੋ ਆਪਣੇ ਅੰਤਿਮ ਸੁਆਸਾਂ ਤੱਕ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ (ਜਲੰਧਰ) ਦੀ ਸਥਾਪਨਾ ਵਿੱਚ ਰੁੱਝੇ ਰਹੇ । ਮਾਣਕੋ ਜ਼ਿਲ੍ਹਾ ਜਲੰਧਰ ਦਾ ਹੁਸ਼ਿਆਰਪੁਰ ਜ਼ਿਲ੍ਹੇ ਦੀ ਹੱਦ ਨਾਲ ਲੱਗਦਾ ਪਿੰਡ ਹੈ । ਨਿਰੋਲ ਪੇਂਡੂ ਇਲਾਕਾ ਹੋਣ ਕਰਕੇ ਅਤੇ ਚੋਆਂ ਦੀ ਮਾਰ ਨਾਲ ਪਾਣੀ ਵਿੱਚ ਡੁੱਬਾ ਹੋਣ ਕਰਕੇ ਬਹੁਤ ਪਛੜਿਆ ਹੋਇਆ ਸੀ । ਇਸੇ ਪਿੰਡ ਦੀ ਉੱਚੀ ਨੀਵੀਂ ਧਰਤੀ ਉੱਪਰ ਜਿਸ ਨੂੰ ਇਲਾਕੇ ਦੇ ਲੋਕ ਜੱਬੜ (ਜਿਥੇ ਫ਼ਸਲ ਨਹੀਂ ਸੀ ਉਗਾਈ ਜਾ ਸਕਦੀ) ਕਹਿੰਦੇ ਸਨ । ਇਥੇ ਹੀ ਬਾਬਾ ਭਾਗ ਸਿੰਘ ਨੇ ਡੇਰਾ ਸੰਤ ਪੁਰਾ ਦੀ ਸਥਾਪਨਾ ਕੀਤੀ । ਉਨ੍ਹਾਂ ਦੇ ਗੁਰਪੁਰੀ ਜਾਣ ਤੋਂ ਪਿੱਛੋਂ ਸੰਤ ਮੁਸਾਫ਼ਿਰ ਜੀ ਇਲਾਕੇ ਦੇ ਬੱਚਿਆਂ ਨੂੰ ਸਿੱਖਿਆ ਨਾਲ ਜੋੜਨ ਦਾ ਉਪਰਾਲਾ ਕਰਦੇ ਰਹੇ । ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਦਿਆਂ ਸੰਤ ਬਾਬਾ ਮਲਕੀਅਤ ਸਿੰਘ ਨੇ ਨਿਰੋਲ ਪੇਂਡੂ ਖੇਤਰ ਵਿੱਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਰਗੀ ਵਿੱਦਿਅਕ ਸੰਸਥਾ ਬਣਾ ਕੇ ਜਿਥੇ ਨਿਰਮਲ ਸੰਪਰਦਾਇ ਦੇ ਨਾਂਅ ਨੂੰ ਉਜਾਗਰ ਕੀਤਾ, ਇਸ ਦੇ ਨਾਲ-ਨਾਲ ਇਸ ਇਲਾਕੇ ਦੇ ਵਿਕਾਸ ਲਈ ਕਰੋੜਾਂ ਰੁਪਏ ਖਰਚ ਕੇ ਪੁੱਲਾਂ, ਸੜਕਾਂ, ਗੁਰਦੁਆਰਾ ਸਾਹਿਬਾਨ, ਸਕੂਲਾਂ, ਹਸਪਤਾਲਾਂ ਦੀ ਉਸਾਰੀ ਕਰਵਾ ਕੇ ਲੋਕਾਂ ਦੇ ਮਸੀਹੇ ਵਜੋਂ ਭਰਪੂਰ ਸਤਿਕਾਰ ਪ੍ਰਾਪਤ ਕੀਤਾ । ਨਿਰਮਲ ਸੰਤ ਸਮਾਜ ਅਤੇ ਇਲਾਕੇ ਦੇ ਸੂਝਵਾਨ ਲੋਕਾਂ ਨੇ ਉਨ੍ਹਾਂ ਦੀ ਨਿਸ਼ਕਾਮ ਸੇਵਾ ਨੂੰ ਵੇਖਦਿਆਂ ਦੇਸ਼ ਅਤੇ ਵਿਦੇਸ਼ ਵਿੱਚੋਂ ਮਾਇਕ ਸਹਾਇਤਾ ਭੇਜ ਕੇ ਆਪਣਾ ਯੋਗਦਾਨ ਪਾ ਕੇ ਹਮੇਸ਼ਾਂ ਮਾਣ ਮਹਿਸੂਸ ਕਰਦੇ ਸਨ ।

ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਇਸ ਵੱਡੀ ਸੰਸਥਾ ਲਈ ਇਕ ਬਹੁਤ ਵੱਡੀ ਚੁਣੌਤੀ ਸੀ । ਪਰ ਉਨ੍ਹਾਂ ਦੇ ਸੇਵਾਦਾਰ ਬਾਬਾ ਦਿਲਾਵਰ ਸਿੰਘ ਬ੍ਰਹਮ ਜੀ ਨੇ ਇਸ ਵੱਡੀ ਜ਼ਿੰਮੇਵਾਰੀ ਨੂੰ ਜਿਵੇਂ ਨਿਭਾਇਆ, ਉਸ ਦੀ ਮਿਸਾਲ ਵੀ ਬਹੁਤ ਘੱਟ ਹੀ ਮਿਲਦੀ ਹੈ । ਬ੍ਰਹਮ ਜੀ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਸੀਮਤ ਸਮੇਂ ਵਿੱਚ ਹੀ ਇਲਾਕੇ ਦੇ ਲੋਕਾਂ ਦੀ ਅਗਵਾਈ ਕਰਦਿਆਂ ਯੂਨੀਵਰਸਿਟੀ ਵਰਗੀ ਵੱਡੀ ਵਿੱਦਿਅਕ ਸੰਸਥਾ ਨੂੰ ਬਾਖੂਬੀ ਸੰਭਾਲਿਆ । ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮੇਂ ਗੁਰੂ ਕੇ ਲੰਗਰਾਂ ਦੀ ਸੇਵਾਵਾਂ ਤੋਂ ਇਲਾਵਾ ਕੋਵਿਡ ਦੇ ਭਿਆਨਕ ਸਮੇਂ ਵਿੱਚ ਸੰਗਤ ਦੀ ਭਰਪੂਰ ਸੇਵਾ ਕੀਤੀ । ਹਰ ਲੋੜਵੰਦ ਦੀ ਸੇਵਾ ਕਰਨਾ ਅਤੇ ਸਰਬੱਤ ਦੇ ਭਲੇ ਲਈ ਪਲ-ਪਲ ਬਤੀਤ ਕਰਨ ਕਰਕੇ ਸੰਗਤ ਤੋਂ ਮਣਾਂ-ਮੂੰਹੀ ਪਿਆਰ ਪ੍ਰਾਪਤ ਕੀਤਾ । ਪਰ ਛੇਤੀ ਹੀ ਸਰੀਰ ਕਰਕੇ ਸੰਸਾਰ ਤੋਂ ਵਿਦਾਈ ਲੈ ਗਏ ।



ਬਾਬਾ ਮਲਕੀਅਤ ਸਿੰਘ ਮਾਣਕੋ

ਸੰਤ ਬਾਬਾ ਮਲਕੀਅਤ ਸਿੰਘ ਦਾ ਜਨਮ 28 ਜਨਵਰੀ, 1957 ਨੂੰ ਇਸੇ ਪਿੰਡ ਮਾਣਕੋਂ (ਜਲੰਧਰ) ਵਿਖੇ ਸ। ਹਜ਼ਾਰਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਪ੍ਰੀਤਮ ਕੌਰ ਦੀ ਕੁੱਖ ਤੋਂ ਹੋਇਆ । ਬਚਪਨ ਵਿੱਚ ਪਿੰਡ ਦੇ ਸਕੂਲ ਵਿੱਚ ਪੜ੍ਹਦਿਆਂ ਹੀ ਧਾਰਮਿਕ ਰੁਚੀ ਦੇ ਮਾਲਕ ਸਨ, ਪ੍ਰਭੂ-ਬੰਦਗੀ ਅਤੇ ਵੈਰਾਗ ਵਿੱਚ ਵਿਚਰਦਿਆਂ ਮਨੁੱਖਤਾ ਦੇ ਭਲੇ ਅਤੇ ਸੇਵਾ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ । ਇਸ ਅਸਥਾਨ ਦੀ ਸੇਵਾ ਸੰਭਾਲਦਿਆਂ ਸੇਵਾ ਦੇ ਖੇਤਰ ਵਿੱਚ ਵੱਡੇ ਕਾਰਜਾਂ ਵਿੱਚ ਰੁੱਝ ਗਏ । ਸੜਕਾਂ ਤੇ ਪੁੱਲਾਂ ਦੀ ਉਸਾਰੀ ਤੇ ਸੰਗਤ ਦੇ ਸਹਿਯੋਗ ਨਾਲ 22 ਕਰੋੜ ਤੋਂ ਵੀ ਵੱਧ ਰਕਮ ਖਰਚ ਕੇ ਪਛੜੇ ਪਿੰਡਾਂ ਦੇ ਲੋਕਾਂ ਨੂੰ ਸੁੱਖ ਸਹੂਲਤਾਂ ਦਿੱਤੀਆਂ । ਲਗਪਗ 200 ਤੋਂ ਵੀ ਵੱਧ ਪਿੰਡਾਂ ਦੇ ਗੁਰੂ-ਘਰਾਂ ਦੀਆਂ ਇਮਾਰਤਾਂ, ਸਰਕਾਰੀ ਸਕੂਲਾਂ ਵਿੱਚ ਲੈਬਾਰਟਰੀਆਂ, ਕਲਾਸ ਰੂਮਾਂ, ਪ੍ਰੀਖਿਆ ਹਾਲਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਕੇ ਆਪਣੇ ਫਰਜ਼ ਨੂੰ ਨਿਭਾਇਆ । 2003 ਵਿੱਚ ਇੰਜੀਨੀਅਰਿੰਗ ਕਾਲਜ ਉਪਰੰਤ ਪਬਲਿਕ ਸਕੂਲ, ਐਜੂਕੇਸ਼ਨ ਕਾਲਜ, ਨਰਸਿੰਗ ਕਾਲਜ ਦੀ ਸਥਾਪਨਾ, ਸੰਤ ਬਾਬਾ ਭਾਗ ਸਿੰਘ ਚੈਰੀਟੇਬਲ ਸੁਸਾਇਟੀ ਬਣਾ ਕੇ ਵਿੱਦਿਅਕ ਖੇਤਰ ਵਿੱਚ ਵੱਡਾ ਯੋਗਦਾਨ ਪਾਇਆ । ਆਪਣੇ ਥੋੜ੍ਹ-ਚਿਰੀ ਆਯੂ ਦੇ ਦੌਰਾਨ ਪੰਜਾਬ ਸਰਕਾਰ ਵੱਲੋਂ ਮਨਜ਼ੂਰੀ ਨਾਲ ਯੂਨੀਵਰਸਿਟੀ ਦੀ ਸਥਾਪਨਾ ਵੀ ਕਰ ਦਿੱਤੀ ।


-ਭਗਵਾਨ ਸਿੰਘ ਜੌਹਲ

bhagwansinghjohal@gmail.com

ਮੋਬਾਈਲ : 98143-24040




ਇਲਾਕੇ ਦਾ ਹਰ ਪ੍ਰਵਾਸੀ ਭਾਰਤੀ ਸੇਵਾ ਦੇ ਖੇਤਰ ਵਿੱਚ ਹੋ ਰਹੇ ਕਾਰਜਾਂ ਨੂੰ ਮਾਇਕ ਸਹਾਇਤਾ ਭੇਜ ਕੇ ਖੁਸ਼ੀ ਮਹਿਸੂਸ ਕਰਦਾ ਸੀ, ਪ੍ਰਵਾਸੀ ਜਦੋਂ ਵੀ ਦੇਸ਼ ਪਰਤਦੇ ਸੇਵਾਵਾਂ ਦੇ ਕਾਰਜ ਵੇਖ ਕੇ ਪ੍ਰੇਰਨਾ ਲੈ ਕੇ ਵਾਪਸ ਮੁੜਦੇ ਸਨ ।

ਸੰਤ ਬਾਬਾ ਮਲਕੀਅਤ ਸਿੰਘ ਨੇ ਆਪਣੀ ਹਯਾਤੀ ਦੌਰਾਨ ਅਨੇਕਾਂ ਮਾਣ-ਸਨਮਾਨ ਪ੍ਰਾਪਤ ਕੀਤੇ । ਸੰਤ ਬਾਬਾ ਮਲਕੀਅਤ ਸਿੰਘ ਤੋਂ ਇਲਾਵਾ ਉਨ੍ਹਾਂ ਦੇ ਵਡੇਰੇ ਸੰਤ ਬਾਬਾ ਭਾਗ ਸਿੰਘ, ਸੰਤ ਬਾਬਾ ਮੁਸਾਫਿਰ ਜੀ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਸੰਭਾਲਣ ਵਾਲੇ ਸਚਖੰਡਵਾਸੀ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੀ ਯਾਦ ਵਿੱਚ ਡੇਰਾ ਸੰਤ ਪੁਰਾ ਮਾਣਕੋ (ਜੱਬੜ) ਵਿਖੇ ਉਨ੍ਹਾਂ ਦੇ ਉਤਰਾਧਿਕਾਰੀ ਬਾਬਾ ਜਨਕ ਸਿੰਘ ਦੀ ਅਗਵਾਈ ਵਿੱਚ ਮਹਾਨ ਗੁਰਮਤਿ ਸਮਾਗਮਾਂ ਦੀ ਸਮਾਪਤੀ 3 ਜਨਵਰੀ ਨੂੰ ਹੋਵੇਗੀ । ਇਨ੍ਹਾਂ ਸਮਾਗਮਾਂ ਵਿੱਚ ਦੇਸ਼-ਵਿਦੇਸ਼ ਦੀ ਸੰਗਤ ਤੋਂ ਇਲਾਵਾ ਬੁੱਧੀਜੀਵੀ, ਸਿੱਖਿਆ ਸ਼ਾਸਤਰੀ, ਸਿੰਘ ਸਾਹਿਬ, ਸੰਤ-ਮਹਾਂਪੁਰਸ਼ਾਂ ਤੋਂ ਬਿਨਾਂ ਸਮਾਜਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਵੀ ਪੁੱਜ ਰਹੀਆਂ ਹਨ।

## ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਚਾਰ ਜਨਵਰੀ ਨੂੰ ਮਨਾਇਆ ਜਾਵੇਗਾ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ - ਭਾਈ ਨੰਢਾ



ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਅਕਾਲਗੜ੍ਹ ਸਾਹਿਬ ਫਿਰੋਜ਼ਪੁਰ ਸ਼ਹਿਰ ਵਿਖੇ 04 ਜਨਵਰੀ ਦਿਨ ਐਤਵਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਿੰਘ ਸਭਾ ਅਕਾਲਗੜ੍ਹ ਕਮੇਟੀ ਦੇ ਸਕੱਤਰ ਭਾਈ ਕੁਲਦੀਪ ਸਿੰਘ ਨੰਢਾ ਨੇ ਦੱਸਿਆ ਕਿ ਦੋ ਜਨਵਰੀ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ। 03 ਤਾਰੀਖ ਦਿਨ ਸ਼ਨੀਵਾਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਏ ਜਾਣਗੇ ਜੋ ਗੁਰਦੁਆਰਾ ਅਕਾਲਗੜ੍ਹ ਤੋਂ ਆਰੰਭ ਹੋ ਕੇ ਮੇਨ ਬਜਾਰ ਰਾਹੀਂ ਸ਼ਹੀਦ ਊਧਮ ਸਿੰਘ ਚੌਂਕ ਤੇ ਰਾਮਗੜ੍ਹੀਆ ਗੇਟ ਦੇ ਅੰਦਰੋਂ ਮਖੂ ਗੇਟ ਰਾਹੀਂ ਕੰਬੋਜ ਨਗਰ ਹੁੰਦੇ ਹੋਏ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਪਹੁੰਚਣਗੇ। ਨਗਰ ਕੀਰਤਨ ਦੌਰਾਨ ਫੌਜੀ ਪਾਈਪ ਬੈਂਡ, ਸ਼ਬਦੀ ਜਥੇ, ਅਤੇ ਗੱਤਕਾ ਪਾਰਟੀਆਂ ਚੜ੍ਹਦੀ ਕਲਾ ਨਾਲ ਹਿੱਸਾ ਲੈਣਗੀਆਂ। 04 ਜਨਵਰੀ ਨੂੰ ਸਵੇਰੇ ਛੇ ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਭੋਗ ਉਪਰੰਤ ਭਾਈ ਸਤਵੰਤ ਸਿੰਘ ਹਜੂਰੀ ਰਾਗੀ ਸ੍ਰੀ ਅਕਾਲਗੜ੍ਹ ਤੇ ਉਘੇ ਪ੍ਰਚਾਰਕ ਭਾਈ ਮਨਪ੍ਰੀਤ ਸਿੰਘ ਖਾਲਸਾ ਫਰੀਦਕੋਟ ਵਾਲਿਆਂ ਦਾ ਜਥਾ ਕੀਰਤਨ ਅਤੇ ਕਥਾ ਦਾ ਪ੍ਰਵਾਹ ਚਲਾਏਗਾ। ਰਾਗੀ ਜਥਿਆਂ ਤੋਂ ਬਾਅਦ ਪੰਥ- ਪ੍ਰਸਿੱਧ ਢਾਡੀ ਜਥਾ ਭਾਈ ਜਸਬੀਰ ਸਿੰਘ ਵਲਟੋਹਾ ਢਾਡੀ ਵਾਰਾਂ ਗਾਇਨ ਕਰਨਗੇ ਅਤੇ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਉਣਗੇ। ਰਾਤ ਦੇ ਦੀਵਾਨਾਂ ਵਿਚ ਭਾਈ ਜਗਤਾਰ ਸਿੰਘ ਜੀ ਸਾਬਕਾ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਕਥਾ ਸ੍ਰਵਣ ਕਰਵਾਉਣਗੇ। ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਸਮੁੱਚੇ ਸਮਾਗਮ ਨੂੰ ਸਫਲ ਬਨਾਉਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ ਬਲਦੇਵ ਸਿੰਘ, ਜਰਨੈਲ ਸਿੰਘ, ਗੁਰਬਖਸ਼ ਸਿੰਘ ਭੋਲਾ, ਜਸਵੰਤ ਸਿੰਘ ਖਜਾਨਚੀ, ਪ੍ਰੀਤਮ ਸਿੰਘ, ਸ ਅਵਤਾਰ ਸਿੰਘ, ਸਵਰਨ ਸਿੰਘ ਸੋਹਾਣਾ , ਜਸਵਿੰਦਰ ਸਿੰਘ ਸੁਪਰਡੈਂਟ, ਸੁਖਦੇਵ ਸਿੰਘ ਬੋਹੜੀਆ, ਅਵਤਾਰ ਸਿੰਘ ਸਟੋਰ ਕੀਪਰ, ਡਾ ਅਮਰੀਕ ਸਿੰਘ ਸ਼ੇਰ ਖਾਂ, ਪ੍ਰੀਤਮ ਸਿੰਘ ਬੋਹੜੀਆ, ਕੁਲਵੰਤ ਸਿੰਘ ਲਾਂਗਰੀ ਜਥਾ ਆਦਿ ਪਤਵੰਤੇ ਨਿਰੰਤਰ ਤਿਆਰੀ ਵਿਚ ਲੱਗੇ ਹੋਏ ਹਨ। **-ਸੁਖਮੰਦਰ ਸਿੰਘ ਸ਼ਾਤ**

## ਗਜ਼ਲ (ਨਵਾਂ ਸਾਲ ਮੁਬਾਰਕ)

ਨਵਾਂ ਸਾਲ ਆਇਆ ਹੈ ਸੁਪਨਿਆਂ ਨੂੰ ਸਜਾਉਣ ਦੇ ਲਈ।
ਟੁੱਟੀਆਂ ਆਸਾਂ ਨੂੰ ਫਿਰ ਤੋਂ ਹੌਂਸਲਾ ਦਿਵਾਉਣ ਦੇ ਲਈ।

ਬੀਤੇ ਪਲਾਂ ਦੀਆਂ ਰਾਤਾਂ 'ਚੋਂ ਸਵੇਰ ਉਗਾਈਏ,
ਨਵੇਂ ਦੀਵੇ ਜਗਾਈਏ ਦਿਲਾਂ ਨੂੰ ਰੁਸ਼ਨਾਉਣ ਦੇ ਲਈ।

ਹਰ ਦਰਦ ਨੂੰ ਮੁਸਕਾਨ ਦੀ ਚਾਦਰ ਨਾਲ ਢਕੀਏ,
ਪਿਆਰ ਦੀ ਭਾਸ਼ਾ ਸਿੱਖੀਏ ਦਿਲਾਂ ਨੂੰ ਮਿਲਾਉਣ ਦੇ ਲਈ।

ਰੱਬ ਦੀ ਰਹਿਮਤ ਸਾਥ ਹੋਵੇ ਹਰ ਕਦਮ, ਹਰ ਸਾਹ 'ਚ,
ਇਹ ਸਾਲ ਬਣੇ ਵਸੀਲਾ ਕਿਸਮਤ ਨੂੰ ਅਜ਼ਮਾਉਣ ਦੇ ਲਈ।

ਦੁਆ ਹੈ "ਸੋਹਲ" ਦੀ ਇਹ ਵਰ੍ਹਾ ਹਰ ਜੀਵਨ ਮਹਿਕਾ ਦੇਵੇ,
ਖੁਸ਼ੀਆਂ ਦੀ ਬਾਰਿਸ਼ ਹੋਵੇ ਰੂਹ ਨੂੰ ਭਿਗਾਉਣ ਦੇ ਲਈ।

ਆਵਾਜ਼ਿ ਕੌਮ AWAZE QAUM International Newspaper & WEB TV




-ਗੁਰਜੰਟ ਸਿੰਘ ਸੋਹਲ (ਨਥੇਹਾ)

ਪਿੰਡ ਤੇ ਡਾਕ: ਨਥੇਹਾ (ਬਠਿੰਡਾ), ਸੰਪਰਕ: 8968727272


## ਸਾਲ 2025 ਅਲਵਿਦਾ !

# ਨਵੇਂ ਸਾਲ 2026 ਨੂੰ 'ਜੀ ਆਇਆਂ ਨੂੰ'

ਹਰ ਸਾਲ ਨਵਾਂ ਸਾਲ ਆਉਂਦਾ ਹੈ ਪਰ ਉਸ ਵਿੱਚ ਨਵਾਂ ਕੁਝ ਵੀ ਨਹੀਂ ਹੁੰਦਾ । ਇਹ ਦਿਨ ਆਮ ਦਿਨ ਵਾਂਗ ਚੜ੍ਹਦਾ ਹੈ ਅਤੇ ਆਮ ਦਿਨਾਂ ਵਾਂਗ ਹੀ ਬੀਤ ਜਾਂਦਾ ਹੈ । ਇਹ ਅਸੀਂ ਜ਼ਰੂਰ ਕਹਿ ਦਿੰਦੇ ਹਾਂ ਕਿ ਜੇਕਰ ਨਵੇਂ ਸਾਲ ਦੇ ਪਹਿਲੇ ਦਿਨ ਕਿਸੇ ਕੋਲ ਜ਼ਿਆਦਾ ਰੁਪਏ ਹੋਣਗੇ ਤਾਂ ਉਹ ਸਾਰਾ ਸਾਲ ਰੁਪਇਆਂ ਵਿੱਚ ਖੇਡੇਗਾ, ਪਰ ਇਸ ਤਰ੍ਹਾਂ ਨਹੀਂ ਹੁੰਦਾ । ਜੇਕਰ ਪਹਿਲੇ ਦਿਨ ਹੀ ਕੋਈ ਮੁਸੀਬਤ ਆ ਗਈ ਤਾਂ ਉਹ ਸਾਰਾ ਸਾਲ ਹੀ ਮੁਸੀਬਤਾਂ ਵਿੱਚ ਘਿਰਿਆ ਰਹੇਗਾ । ਜੇਕਰ ਪਹਿਲਾ ਦਿਨ ਖੁਸ਼ੀਆਂ ਖੇੜਿਆਂ ਦੇ ਨਾਲ ਬਤੀਤ ਹੋਵੇਗਾ ਤਾਂ ਸਾਰਾ ਸਾਲ ਹੀ ਉਸ ਲਈ ਖੁਸ਼ਹਾਲੀ ਭਰਿਆ ਰਹੇਗਾ, ਪਰ ਇਹ ਸਿਰਫ਼ ਭਰਮ ਹੈ । ਇਹ ਕਹਿਣ ਦੀਆਂ ਹੀ ਗੱਲਾਂ ਹਨ, ਇਸ ਤਰ੍ਹਾਂ ਹੁੰਦਾ ਨਹੀਂ ਹੈ

ਨਵੇਂ ਸਾਲ ਤੋਂ ਕੁਝ ਦਿਨ ਪਹਿਲਾਂ ਗਰੀਟਿੰਗ ਕਾਰਡਾਂ ਦੀ ਵੱਡੇ ਪੱਧਰ 'ਤੇ ਲੋਕ ਖਰੀਦੋ-ਫਰੋਖ਼ਤ ਕਰਦੇ ਹਨ । ਲੋਕ ਆਪਣੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ, ਪ੍ਰੇਮੀ-ਪ੍ਰੇਮਿਕਾ, ਫੈਕਟਰੀਆਂ, ਵਿਦਿਅਕ ਸੰਸਥਾਵਾਂ, ਮੰਤਰੀਆਂ, ਅਫ਼ਸਰਾਂ, ਸੰਤਾਂ-ਮਹਾਂਪੁਰਸ਼ਾਂ ਨੂੰ ਭੇਜਦੇ ਹਨ । ਗਰੀਟਿੰਗ ਕਾਰਡ ਦੀ ਕੀਮਤ 2 ਰੁਪਏ ਤੋਂ ਲੈ ਕੇ 40-50 ਹਜ਼ਾਰ ਰੁਪਏ ਤੱਕ ਹੈ । ਬੇਸ਼ੱਕ ਅੱਜ ਮੋਬਾਇਲ ਦੇ ਜ਼ਰੀਏ ਐਸ.ਐਮ.ਐਸ., ਵਟਸਐਪ ਰਾਹੀਂ ਨਵੇਂ ਸਾਲ ਦੀ ਵਧਾਈ ਦੇ ਦਿੱਤੀ ਜਾਂਦੀ ਹੈ ਜਾਂ ਫੋਨ ਕਰਕੇ ਵੀ

ਆਵਾਜ਼ਿ ਕੌਮ AWAZE QAUM International Newspaper & WEB TV

ਨਵੇਂ ਸਾਲ ਦੀਆਂ ਮੁਬਾਰਕਾਂ ਰਿਸ਼ਤੇਦਾਰਾਂ, ਦੋਸਤ-ਮਿੱਤਰ ਇੱਕ ਦੂਜੇ ਨੂੰ ਦਿੰਦੇ ਹਨ ਪਰ ਗਰੀਟਿੰਗ ਕਾਰਡ ਭੇਜਣ ਦਾ ਸਿਲਸਿਲਾ ਵੀ ਘਟਿਆ ਨਹੀਂ ਹੈ। ਇਸ ਦਾ ਰੁਝਾਨ ਉਸੇ ਤਰ੍ਹਾਂ ਹੈ । ਨੌਜਵਾਨ ਲੜਕੇ-ਲੜਕੀਆਂ ਇੱਕ ਦੂਜੇ ਨੂੰ ਬਹੁਤ ਖੂਬਸੂਰਤ ਗਰੀਟਿੰਗ ਕਾਰਡ ਭੇਜਦੇ ਹਨ ।

ਸਾਲ 2008 ਵਿੱਚ ਇੱਕ ਖਬਰ ਪੜ੍ਹੀ ਸੀ ਕਿ ਬਟਾਲੇ ਦੇ 22 ਸਾਲਾ ਇੱਕ ਵਿਅਕਤੀ ਨੇ ਆਪਣੀ ਚੰਡੀਗੜ੍ਹ ਰਹਿਣ ਵਾਲੀ ਪ੍ਰੇਮਿਕਾ ਨੂੰ ਨਵੇਂ ਸਾਲ ਦਾ ਗਰੀਟਿੰਗ ਕਾਰਡ ਦੇਣ ਲਈ 40 ਹਜ਼ਾਰ ਰੁਪਏ ਖ਼ਰਚ ਕਰਕੇ ਕਾਰਡ ਤਿਆਰ ਕਰਵਾਇਆ ਸੀ। ਇਸ ਕਾਰਡ ਤੇ 100 ਗ੍ਰਾਮ ਖਾਲਸ ਚਾਂਦੀ ਤੇ 35 ਗ੍ਰਾਮ ਖਾਲਸ ਸੋਨਾ ਲਾਇਆ ਗਿਆ ਸੀ । ਸਾਲ 2025 ਦੌਰਾਨ ਖੱਟੀਆਂ ਮਿੱਠੀਆਂ ਅਨੇਕਾਂ ਘਟਨਾਵਾਂ ਹੋਈਆਂ ਪਰ ਨਵਾਂ ਵਰ੍ਹਾ ਪਿਛਲੇ ਸਾਲ ਵਿੱਚ ਬੀਤੀਆਂ ਯਾਦਾਂ ਨੂੰ, ਘਟਨਾਵਾਂ ਨੂੰ ਖਤਮ ਕਰੇ । ਜਿਨ੍ਹਾਂ ਲਈ ਬੀਤੇ ਸਾਲ ਦੀਆਂ ਘਟਨਾਵਾਂ ਦੁਖਦਾਈ ਹੋ ਨਿੱਬੜੀਆਂ ਹਨ, ਉਹ ਬੀਤੇ ਸਾਲ ਨੂੰ ਹੀ ਮਨਹੂਸ ਸਮਝਣਗੇ। ਕਈ ਵੱਡੇ ਰੇਲ ਹਾਦਸੇ, ਬੰਬ ਧਮਾਕੇ ਸਾਡੇ ਦੇਸ਼ ਵਿੱਚ ਹੋਏ , ਇਹਨਾਂ ਹਾਦਸਿਆਂ ਵਿੱਚ ਜਿਨ੍ਹਾਂ ਪਰਿਵਾਰਾਂ ਦੀਆਂ ਜਾਨਾਂ ਗਈਆਂ, ਉਹਨਾਂ ਲਈ ਇਸ ਤੋਂ ਮਾੜਾ ਸਾਲ ਕਿਹੜਾ ਹੋਵੇਗਾ ।

ਸਾਲ 2025 ਵਿੱਚ ਲੜਕੀਆਂ ਨਾਲ ਛੇੜ-ਛਾੜ ਤੇ ਬਲਾਤਕਾਰ ਦੀਆਂ ਅਨੇਕਾਂ ਘਟਨਾਵਾਂ ਵਾਪਰੀਆਂ, ਅਨੇਕਾਂ ਲੜਕੀਆਂ ਨੂੰ ਦਾਜ ਘੱਟ ਲਿਆਉਣ ਕਰਕੇ ਤਸੀਹੇ ਦੇ ਕੇ ਸਹੁਰਿਆਂ ਨੇ ਆਪ ਮਾਰ ਦਿੱਤਾ ਤੇ ਅਨੇਕਾਂ ਨੂੰ ਮਰਨ ਲਈ ਮਜ਼ਬੂਰ ਕਰ ਦਿੱਤਾ । ਲੜਕੇ-ਲੜਕੀਆਂ ਨੂੰ ਆਪਣੀ ਸੋਚ ਵਿੱਚ ਤਬਦੀਲੀ ਲਿਆਉਣ ਦੀ ਲੋੜ ਹੈ। ਦੇਸ਼ ਵਿੱਚ ਗ.ਰੀਬੀ ਦੀ ਹਾਲਤ ਦਿਨ ਪ੍ਰਤੀ ਦਿਨ ਮਾੜੀ ਹੁੰਦੀ ਜਾ ਰਹੀ ਹੈ । ਦੇਸ਼ ਵਿੱਚ ਜ਼ਿਆਦਾ ਵੱਸੋਂ ਕੋਲ ਤਨ (ਸਰੀਰ) ਢਕਣ ਲਈ ਕੱਪੜਾ ਨਹੀਂ । ਵੈਸੇ ਇਹ ਗੱਲ ਸੱਚ ਹੈ ਕਿ ਇਹਨਾਂ ਨੂੰ ਨਵਾਂ ਸਾਲ ਚੜ੍ਹਨ ਦੀ ਕੋਈ ਖੁਸ਼ੀ ਨਹੀਂ ਹੁੰਦੀ । ਉਹਨਾਂ ਨੂੰ ਤਾਂ ਇਹਨਾਂ ਵੀ ਨਹੀਂ ਪਤਾ ਹੁੰਦਾ ਕਿ ਸੂਰਜ ਸਵੇਰੇ ਚੜ੍ਹਿਆ ਹੈ ਤੇ ਸ਼ਾਮ ਨੂੰ ਅਸਤ (ਛਿਪਣਾ) ਹੋਵੇਗਾ । ਸਾਲ 2025 ਵਿੱਚ ਜੋ ਉੱਚ ਸ਼ਖ਼ਸੀਅਤਾਂ ਸਾਡੇ ਕੋਲੋਂ ਵਿਛੜ ਗਈਆਂ, ਉਹਨਾਂ ਵਿੱਚ ਫਿਲਮੀ ਅਦਾਕਾਰ ਮਨੋਜ ਕੁਮਾਰ, ਸੁਖਦੇਵ ਸਿੰਘ ਢੀਂਡਸਾ, ਦੌੜਾਕ ਫ਼ੌਜਾ ਸਿੰਘ, ਚਰਨਜੀਤ ਅਹੂਜਾ, ਰਾਜਵੀਰ ਜਵੰਧਾ, ਧਰਮਿੰਦਰ, ਸਿਵਰਾਜ ਪਾਟਿਲ, ਉਸਤਾਦ ਪੂਰਨ ਸ਼ਾਹਕੋਟੀ ਸਨ । ਸਾਲ 2025 ਵਿੱਚ ਹੀ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਹੜ੍ਹਾਂ ਨੇ ਵੀ ਭਾਰੀ ਤਬਾਹੀ ਮਚਾਈ ।




ਨਵੇਂ ਸਾਲ ਦੀ ਆਮਦ 'ਚ ਜਸ਼ਨ ਪੰਜਾਬ ਦੇ ਵੱਡੇ-ਵੱਡੇ ਸ਼ਹਿਰ ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਪਟਿਆਲਾ, ਦਿੱਲੀ, ਮੁੰਬਈ, ਚੰਡੀਗੜ੍ਹ ਤੇ ਦੇਸ਼ ਦੇ ਦੂਜੇ ਭਾਗਾਂ ਵਿੱਚ ਹੋਟਲਾਂ, ਕਲੱਬਾਂ ਵਿੱਚ ਖੂਬ ਮਹਿਫ਼ਿਲਾਂ ਸੱਜਦੀਆਂ ਹਨ । ਪਟਾਕੇ, ਆਤਿਸ਼ਬਾਜ਼ੀ ਵੱਡੀ ਗਿਣਤੀ ਵਿੱਚ ਲੱਖਾਂ ਰੁਪਏ ਖ਼ਰਚ ਕਰਕੇ ਚਲਾਏ ਜਾਂਦੇ ਹਨ। ਹੋਟਲਾਂ, ਕਲੱਬਾਂ ਵਿੱਚ ਨਾਚ ਗਾਣੇ ਤੇ ਹੋਰ ਸੱਭਿਆਚਾਰਕ ਪ੍ਰੋਗਰਾਮ ਹੁੰਦੇ ਹਨ । ਨਵੇਂ ਸਾਲ ਤੇ ਕੀਮਤੀ ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਵਿੱਚ ਹੁੰਦਾ ਹੈ । ਨਵੇਂ ਸਾਲ ਦੀ ਆਮਦ 'ਤੇ ਸਾਰੀ ਰਾਤ ਸ਼ਰਾਬ ਦੇ ਦੌਰ ਚੱਲਦੇ ਹਨ । ਸਮੁੱਚੇ ਦੇਸ਼ ਵਿੱਚ ਜਸ਼ਨ ਮਨਾਏ ਜਾਂਦੇ ਹਨ । ਨਵੇਂ ਸਾਲ ਤੇ ਸ਼ੁੱਭ ਇੱਛਾਵਾਂ ਭੇਟ ਕਰਨ ਲਈ ਹਰ ਸਾਲ ਹਜ਼ਾਰਾਂ-ਲੱਖਾਂ ਰੁਪਏ 31 ਦਸੰਬਰ ਦੀ ਰਾਤ ਨੂੰ ਫਜ਼ੂਲ ਹੀ ਉਡਾਏ ਜਾਂਦੇ ਹਨ ਭਾਵ ਖਰਚ ਕੀਤੇ ਜਾਂਦੇ ਹਨ । 31 ਦਸੰਬਰ ਦੀ ਰਾਤ ਪੰਜਾਬੀ ਦੇ ਚੈਨਲ ਡੀ.ਡੀ. ਪੰਜਾਬੀ, ਦੂਰਦਰਸ਼ਨ ਜਲੰਧਰ, ਪੀਟੀਸੀ, ਅਤੇ ਹੋਰ ਪੰਜਾਬੀ ਹਿੰਦੀ ਤੇ ਅੰਗਰੇਜ਼ੀ ਦੇ ਚੈਨਲ ਇੱਕ ਦੂਜੇ ਤੋਂ ਵੀ ਅੱਗੇ ਵੱਧ ਕੇ ਧੂਮ-ਧੜੱਕੇ ਨਾਲ ਪ੍ਰੋਗਰਾਮ ਪੇਸ਼ ਕਰਦੇ ਹਨ । ਲੋਕ ਟੀ.ਵੀ ਦੇ ਵੱਖ-ਵੱਖ ਚੈਨਲਾਂ ਤੇ ਵੱਖ-ਵੱਖ ਪ੍ਰੋਗਰਾਮ ਦੇਖ ਕੇ ਅਨੰਦਿਤ ਹੁੰਦੇ ਹਨ । ਉਹਨਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਨਵੇਂ ਸਾਲ ਦੀ ਆਮਦ ਬਹੁਤ ਹੀ ਵਿਸ਼ੇਸ਼ ਤੇ ਮਹੱਤਵਪੂਰਨ ਹੈ । ਇਸ ਦਿਹਾੜੇ ਕਈ ਥਾਂਵਾਂ ਤੇ ਕੀਰਤਨ ਦਰਬਾਰ, ਕਵੀ ਦਰਬਾਰ ਰਾਹੀਂ ਕਵੀ ਜਨ, ਰਾਗੀ, ਪ੍ਰਚਾਰਕ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਕੇ ਹੀ ਸੰਗਤਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਜਾਂਦੀਆਂ ਹਨ । ਇਹ ਬਹੁਤ ਚੰਗੀ ਗੱਲ ਹੈ।

ਨਵੇਂ ਸਾਲ ਦੀ ਆਮਦ 'ਤੇ ਲੋਕਾਂ ਵੱਲੋਂ ਗਹਿਣੇ, ਕੱਪੜੇ, ਭਾਂਡਿਆਂ ਦੀ ਖ਼ਰੀਦੋ-ਫਰੋਖ਼ਤ ਵੀ ਵੱਡੇ ਪੱਧਰ ਤੇ ਕੀਤੀ ਜਾਂਦੀ ਹੈ । ਅਸੀਂ ਹਜ਼ਾਰਾਂ/ ਲੱਖਾਂ ਰੁਪਏ ਇਸ ਦਿਨ ਜਸ਼ਨਾਂ ਤੇ ਖਰਚ ਕਰ ਦਿੰਦੇ ਹਾਂ। ਇਹਨਾਂ ਰੁਪਈਆ ਖਰਚਣ ਤੋਂ ਬਿਨਾਂ ਵੀ ਸ਼ੁੱਭ ਇੱਛਾਵਾਂ ਤੇ ਮੁਬਾਰਕਾਂ ਭੇਟ ਕੀਤੀਆਂ ਜਾ ਸਕਦੀਆਂ ਹਨ । ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਗ.ਰੀਬ ਜਾਂ ਮਿਹਨਤੀ ਵਿਅਕਤੀ ਲਈ ਨਵੇਂ ਸਾਲ ਦੇ ਧੂਮ-ਧੜੱਕੇ ਦੀ ਕੀ ਮਹੱਤਤਾ ਹੈ । ਹਰ ਸਾਲ ਹੀ ਸਰਕਾਰਾਂ ਗਰੀਬਾਂ ਦੀ ਹਾਲਤ ਸੁਧਾਰਨ ਦੇ ਵਾਅਦੇ ਕਰਦੀਆਂ ਹਨ ਪਰ ਅਸਲੀਅਤ ਇਹ ਹੈ ਕਿ ਆਜ਼ਾਦੀ ਦੇ 75 ਸਾਲ ਬੀਤਣ ਦੇ ਬਾਅਦ ਵੀ ਦੇਸ਼ ਵਿੱਚ ਗ.ਰੀਬ ਮਜ਼ਦੂਰਾਂ ਨੂੰ ਪੇਟ ਭਰ ਕੇ ਖਾਣਾ ਵੀ ਨਹੀਂ ਮਿਲਦਾ । ਘਰੇਲੂ ਵਰਤੋਂ ਦੀਆਂ ਲੋੜਾਂ ਤੋਂ ਵੀ ਇਹ ਇਨਸਾਨ ਵਾਂਝੇ ਰਹਿੰਦੇ ਹਨ । ਗ.ਰੀਬੀ, ਅਨਪੜ੍ਹਤਾ, ਭੁੱਖਮਰੀ, ਬੇਰੁਜ਼ਗਾਰੀ ਕਰਕੇ ਹੀ ਅੱਜ ਕਰੋੜਾਂ ਬੱਚੇ ਢਾਬਿਆਂ-ਹੋਟਲਾਂ ਤੇ ਜੂਠੇ ਬਰਤਨ ਮਾਂਜਦੇ, ਬੂਟ ਪਾਲਸ਼ ਕਰਦੇ, ਬੱਸ ਸਟੈਂਡ, ਸੜਕਾਂ, ਰੇਲਵੇ ਸਟੇਸ਼ਨਾਂ, ਬਜ਼ਾਰਾਂ ਵਿੱਚ ਹੱਥ ਅੱਡ ਕੇ ਮੰਗਦੇ, ਗੰਦ ਮੰਦ ਚੁੱਕਦੇ, ਗਲੀਆਂ ਵਿੱਚ ਝਾੜੂ ਫੇਰਦੇ, ਨਾਲੀਆਂ ਸਾਫ਼ ਕਰਦੇ, ਕਾਗ.ਜ਼ ਇਕੱਠੇ ਕਰਦੇ ਤੇ ਫੈਕਟਰੀਆਂ ਦੇ ਪ੍ਰਦੂਸ਼ਣ ਧੂੰਏਂ ਵਿੱਚ ਰੁਲਦੇ ਆਮ ਵੇਖੇ ਜਾ ਸਕਦੇ ਹਨ । ਨਿੱਕੇ-ਨਿੱਕੇ ਬੱਚੇ ਸਿਰਾਂ ਤੇ ਭਾਰ ਢੋਅ ਕੇ ਪਰਿਵਾਰ ਦਾ ਗੁਜ਼ਾਰਾ ਕਰਦੇ ਹਨ । ਇਹਨਾਂ ਕਰੋੜਾਂ ਬੱਚਿਆਂ ਨੂੰ ਅਸੀਂ ਸਿਰਫ਼ "ਅੱਜ ਦਾ ਬੱਚਾ ਕੱਲ੍ਹ ਦਾ ਨੇਤਾ" ਨਾਂ ਨਾਲ ਹੀ ਕਹਿ ਸਕਦੇ ਹਾਂ ਜਦਕਿ ਇਹਨਾਂ ਬੱਚਿਆਂ ਨੇ ਸਕੂਲ ਦਾ ਮੂੰਹ ਤੱਕ ਵੀ ਨਹੀਂ ਵੇਖਿਆ ਫਿਰ ਕੱਲ੍ਹ ਦੇ ਨੇਤਾ ਕਿਵੇਂ ਬਣ ਜਾਣਗੇ।

ਦੇਸ਼ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਤੁਹਾਨੂੰ ਲੱਖਾਂ ਲੋਕ ਸੜਕਾਂ ਤੇ ਰੁਲਦੇ ਪਏ ਮਿਲਣਗੇ । ਕਰੋੜਾਂ ਲੋਕ ਭਿਆਨਕ ਬਿਮਾਰੀਆਂ ਕਾਰਨ ਦਵਾਈਆਂ ਨਾ ਲੈ ਸਕਣ ਕਰਕੇ ਹੀ ਆਪਣੀ ਜ਼ਿੰਦਗੀ ਖ਼ਤਮ ਕਰ ਬੈਠਦੇ ਹਨ । ਹਰ ਸਾਲ ਹੀ ਨਵੇਂ ਸਾਲ ਤੇ ਰਸਮੀ ਤੌਰ ਤੇ ਸ਼ੁੱਭ ਇੱਛਾਵਾਂ, ਮੁਬਾਰਕਾਂ ਦਿੱਤੀਆਂ ਜਾਂਦੀਆਂ ਹਨ । ਇਸ ਸਾਲ ਵੀ ਹਰ ਪਰਿਵਾਰ ਨੇ ਆਪਣੇ ਭੈਣਾਂ-ਭਰਾਵਾਂ, ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ, ਹੈਪੀ ਨਿਊ ਯੀਅਰ ਦੇ ਗਰੀਟਿੰਗ ਕਾਰਡ ਡਾਕ ਰਾਹੀਂ ਭੇਜ ਕੇ ਵਧਾਈ ਦਿੱਤੀ ਜਾਂ ਫਿਰ ਨਵੇਂ ਸਾਲ ਦੀ ਸਵੇਰ ਨੂੰ ਲੈਂਡਲਾਈਨ ਟੈਲੀਫੋਨ ਜਾਂ ਮੋਬਾਇਲ ਫੋਨ ਰਾਹੀਂ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹਨ । ਸਰਕਾਰੀ ਤੇ ਗੈਰ ਸਰਕਾਰੀ ਦਫ਼ਤਰਾਂ, ਵਿੱਦਿਅਕ ਅਦਾਰਿਆਂ, ਸੰਸਥਾਵਾਂ, ਦੁਕਾਨਦਾਰ, ਵਪਾਰਕ ਅਦਾਰਿਆਂ ਵਿੱਚ ਲੋਕ/ ਮੁਲਾਜ਼ਮ ਇੱਕ ਦੂਜੇ ਨੂੰ ਮਿਲਣ ਸਮੇਂ ਵਧਾਈਆਂ ਦਿੰਦੇ ਹਨ । ਅਖ਼ਬਾਰਾਂ ਵੱਲੋਂ ਵੀ ਆਪਣੇ ਪਾਠਕਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਜਾਂਦੀ ਹੈ। ਨਵੇਂ ਸਾਲ 2026 ਦੀ ਆਮਦ ਤੇ ਅਰਦਾਸ ਹੈ ਕਿ ਹਰ ਇੱਕ ਨੂੰ ਰੱਜਵੀਂ ਰੋਟੀ ਮਿਲੇ । ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਆਮ ਆਦਮੀ ਲਈ ਕੋਈ ਨਵੀਂ ਆਸ ਦੀ ਕਿਰਨ ਲੈ ਕੇ ਆਵੇ ਤਾਂ ਕਿ ਸੰਸਾਰ ਦੇ ਸਾਰੇ ਲੋਕ ਨਵੇਂ ਸਾਲ ਦਾ ਨਿੱਘਾ ਆਨੰਦ ਮਾਣ ਸਕਣ।


**-ਕਰਨੈਲ ਸਿੰਘ ਐੱਮ.ਏ.**

**# 1138/63-ਏ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**










**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ




## ਨਵੇਂ ਸਾਲ ਦੀ ਆਮਦ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਲਾਮਬੰਦ ਕਰਨ ਲਈ ਸਿੱਖ ਨੌਜਵਾਨਾਂ ਨੂੰ ਲਾਮਬੰਦ ਕਰਾਂਗੇ —ਕਰਨੈਲ ਸਿੰਘ ਪੀਰ ਮੁਹੰਮਦ



**ਚੰਡੀਗੜ੍ਹ, 31 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦੇ ਸਾਬਕਾ ਪ੍ਰਧਾਨ ਸ. ਕਰਨੈਲ ਸਿੰਘ ਪੀਰ ਮੁਹੰਮਦ ਜੋ ਕਿ ਲੰਬਾ ਸਮਾਂ ਇਸ ਜਥੇਬੰਦੀ ਦੇ ਪ੍ਰਧਾਨ ਰਹੇ ਹਨ ਅਤੇ ਅੱਜ ਵੀ ਇਸ ਦਾ ਸਰਪ੍ਰਸਤ ਵਜੋਂ ਮਾਰਗਦਰਸ਼ਨ ਕਰਦੇ ਹਨ ਨੇ ਨਵੇਂ ਸਾਲ ਦੀ ਪਹਿਲੀ ਸਵੇਰ ਮੌਕੇ ਫੈਡਰੇਸ਼ਨ ਦੀ ਮਜ਼ਬੂਤੀ ਅਤੇ ਨੌਜਵਾਨਾਂ ਨੂੰ ਲਾਮਬੰਦ ਕਰਨ ਲਈ ਇੱਕ ਵਿਸ਼ੇਸ਼ ਬਿਆਨ ਦਿੱਤਾ ਗਿਆ ਹੈ: ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਮੁੜ ਸੁਰਜੀਤ ਕਰਨ ਅਤੇ ਨੌਜਵਾਨਾਂ ਨੂੰ ਪੰਥਕ ਵਿਰਸੇ ਨਾਲ ਜੋੜਨ ਦਾ ਅਹਿਦ ਲੈਂਦਿਆਂ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਅੱਜ ਇੱਕ ਅਹਿਮ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਮਜ਼ਬੂਤੀ ਪੰਥ ਅਤੇ ਪੰਜਾਬ ਦੇ ਭਵਿੱਖ ਲਈ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਫੈਡਰੇਸ਼ਨ ਹਮੇਸ਼ਾ ਸਿੱਖ ਨੌਜਵਾਨਾਂ ਦੀ ਨਰਸਰੀ ਰਹੀ ਹੈ ਜਿਸ ਨੇ ਕੌਮ ਨੂੰ ਨਿਡਰ ਆਗੂ ਦਿੱਤੇ ਹਨ। ਸ. ਪੀਰ ਮੁਹੰਮਦ ਨੇ ਆਪਣੇ ਸੰਦੇਸ਼ ਵਿੱਚ ਕਿਹਾ: ਸਾਡਾ ਮੁੱਖ ਮਕਸਦ ਫੈਡਰੇਸ਼ਨ ਦੇ ਵੱਖ-ਵੱਖ ਇਕਾਈਆਂ ਨੂੰ ਇੱਕ ਲੜੀ ਵਿੱਚ ਪਰੋਣਾ ਅਤੇ ਨੌਜਵਾਨਾਂ ਨੂੰ ਪੰਥਕ ਸਿਧਾਂਤਾਂ ਪ੍ਰਤੀ ਜਾਗਰੂਕ ਕਰਨਾ ਹੈ। ਅੱਜ ਜਦੋਂ ਪੰਜਾਬ ਦੀ ਜਵਾਨੀ ਨਸ਼ਿਆਂ ਅਤੇ ਪਤਿਤਪੁਣੇ ਦੇ ਰਾਹ ਪੈ ਰਹੀ ਹੈ, ਉੱਥੇ ਫੈਡਰੇਸ਼ਨ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ।"

**ਬਿਆਨ ਦੇ ਮੁੱਖ ਨੁਕਤੇ:**

* ਨੌਜਵਾਨਾਂ ਦੀ ਲਾਮਬੰਦੀ: "ਅਸੀਂ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਜਾ ਕੇ ਨੌਜਵਾਨਾਂ ਨੂੰ ਫੈਡਰੇਸ਼ਨ ਦੇ ਝੰਡੇ ਹੇਠ ਇਕੱਠਾ ਕਰਾਂਗੇ ਤਾਂ ਜੋ ਪੰਜਾਬ ਦੇ ਹੱਕਾਂ ਦੀ ਲੜਾਈ ਮਜ਼ਬੂਤੀ ਨਾਲ ਲੜੀ ਜਾ ਸਕੇ।÷

* ਧਾਰਮਿਕ ਅਤੇ ਸਿਆਸੀ ਜਾਗਰੂਕਤਾ: "ਫੈਡਰੇਸ਼ਨ ਸਿਰਫ਼ ਇੱਕ ਜਥੇਬੰਦੀ ਨਹੀਂ, ਸਗੋਂ ਇੱਕ ਸੋਚ ਹੈ। ਅਸੀਂ ਵਿਦਿਅਕ ਅਦਾਰਿਆਂ ਵਿੱਚ ਸਿੱਖ ਇਤਿਹਾਸ ਅਤੇ ਵਿਰਸੇ ਬਾਰੇ ਸੈਮੀਨਾਰ ਕਰਵਾਵਾਂਗੇ।÷

* ਇੱਕਜੁੱਟਤਾ ਦਾ ਸੱਦਾ: "ਮੈਂ ਸਾਰੇ ਪੁਰਾਣੇ ਅਤੇ ਨਵੇਂ ਫੈਡਰੇਸ਼ਨ ਮੈਂਬਰਾਂ ਨੂੰ ਅਪੀਲ ਕਰਦਾ ਹਾਂ ਕਿ ਆਪਸੀ ਮਤਭੇਦ ਭੁਲਾ ਕੇ ਇੱਕ ਮੰਚ 'ਤੇ ਇਕੱਠੇ ਹੋਣ ਤਾਂ ਜੋ ਕੌਮ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ ਜਾ ਸਕੇ।" ਸ. ਪੀਰ ਮੁਹੰਮਦ ਨੇ ਅਖੀਰ ਵਿੱਚ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਫੈਡਰੇਸ਼ਨ ਦਾ ਵਿਸਥਾਰ ਕਰਨ ਲਈ ਵੱਡੇ ਪੱਧਰ 'ਤੇ ਮੀਟਿੰਗਾਂ ਕੀਤੀਆਂ ਜਾਣਗੀਆਂ।




# ਸਾਂਝਾ ਪੰਜਾਬ

## VEG & NON-VEG INDIAN

WE CATER FOR ★★★★★






## SANJHA PUNJAB

VEG & NON-VEG INDIAN

TAKE AWAY MENU

0116 291 1565

075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk
email: sanjha47@hotmail.com

## SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk
email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM
International Newspaper & WEB TV

### ਜੈਂਤੀਪੁਰ ਪਿੰਡ ਵਿੱਚ ਬਿਜਲੀ ਬੋਰਡ ਅਧਿਕਾਰੀਆਂ ਵੱਲੋਂ

# ਚੈਕਿੰਗ ਦੌਰਾਨ ਹੋਇਆ ਤਕਰਾਰ



**ਚੌਕ ਮਹਿਤਾ, (ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ ਪਿੰਡ ਜੈਂਤੀਪੁਰ ਵਿਖੇ ਬਿਜਲੀ ਬੋਰਡ ਅਧਿਕਾਰੀਆਂ ਅਤੇ ਪਿੰਡ ਵਾਸੀਆਂ ਵਿੱਚ ਤਕਰਾਰ ਹੋਇਆ ਇਸ ਸਬੰਧੀ ਗੱਲਬਾਤ ਕਰਦਿਆਂ ਬਟਾਲਾ ਤੋਂ ਸੀਨੀਅਰ ਕਾਂਗਰਸੀ ਆਗੂ ਅਮਨਦੀਪ ਸਿੰਘ ਜੈਂਤੀਪੁਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਤੜਕ ਸਾਰ ਸਵੇਰੇ ਸਾਡੇ ਪਿੰਡ ਵਿੱਚ ਰੰਜਿਸ਼ ਤਹਿਤ ਬਿਜਲੀ ਅਧਿਕਾਰੀਆਂ ਵੱਲੋਂ ਲੋਕਾਂ ਦੇ ਘਰਾਂ ਵਿੱਚ ਵੜ ਕੇ ਰੇਡ ਕੀਤੀ ਗਈ ਅਤੇ ਲੋਕਾਂ ਨੂੰ ਪਰੇਸ਼ਾਨ ਕੀਤਾ ਗਿਆ ਅਤੇ ਪਿੰਡ ਦੀਆਂ ਕੁਝ ਔਰਤਾਂ ਦੇ ਹੱਥੋਪਾਈ ਦੌਰਾਨ ਲੀੜੇ ਵੀ ਪਾੜ ਗਏ ਅਤੇ ਪੁਲਿਸ ਪ੍ਰਸ਼ਾਸਨ ਨੂੰ ਵੀ ਇਸ ਸਬੰਧੀ ਬੇਨਤੀ ਕੀਤੀ ਗਈ ਕਿ ਉਹ ਪਿੰਡ ਵਿੱਚ ਜਲਦੀ ਤੋਂ ਜਲਦੀ ਪਹੁੰਚਣ ਪਰ ਕੋਈ ਵੀ ਅਧਿਕਾਰੀ ਨਹੀਂ ਪਹੁੰਚਿਆ ਇਸ ਸਬੰਧੀ ਪਿੰਡ ਵਾਸੀਆਂ ਵੱਲੋਂ ਮੰਗ ਕੀਤੀ ਜਾ ਰਹੀ ਸੀਗੀ ਬਿਜਲੀ ਬੋਰਡ ਦੇ ਅਧਿਕਾਰੀਆਂ ਅਖਲਾਕ ਗਲਤ ਢੰਗ ਨਾਲ ਘਰਾਂ ਚ ਵਾੜਨਾ ਔਰਤਾਂ ਨਾਲ ਬਦਤਮੀਜ਼ੀ ਕਰਨਾ ਕੱਪੜੇ ਪਾੜਨਾ ਦਾ ਪਰਚਾ ਦਰਜ ਕੀਤਾ ਜਾਵੇ ਜਿਸ ਤੇ ਪੁਲਿਸ ਵੱਲੋਂ ਕੋਈ ਵੀ ਕਾਰਵਾਈ ਨਾ ਕਰਨ ਤੇ ਨੈਸ਼ਨਲ ਹਾਈਵੇ ਸ਼ੇਖੂਪੁਰ ਵਿਖੇ ਜਾਮ ਕੀਤਾ ਗਿਆ ਅਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ਇਹ ਧਰਨਾ ਦੋ ਘੰਟੇ ਤੋਂ ਵੱਧ ਸਮਾਂ ਲੱਗਾ ਅਤੇ ਵੱਡੀ ਗਿਣਤੀ ਵਿੱਚ ਵਾਹਨ ਫਸੇ ਰਹੇ ਇਸ ਸਬੰਧੀ ਦੂਜੀ ਧਿਰ ਐਕਸ਼ਨ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਸਾਡੇ ਮੁਲਾਜ਼ਮਾਂ ਵੱਲੋਂ ਅੱਜ ਸਵੇਰੇ 8 ਕੁ ਵਜੇ ਦੇ ਕਰੀਬ ਪਿੰਡ ਵਿੱਚ ਡਿਗੀ ਚੋਰੀ ਸਬੰਧੀ ਸ਼ਿਕਾਇਤਾਂ ਮਿਲੀਆਂ ਸਨ ਜਿਸ ਤੇ ਅਸੀਂ ਅੱਜ ਸਵੇਰੇ ਪਿੰਡ ਵਿੱਚ ਚੈਕਿੰਗ ਲਈ ਆਏ ਤਾਂ ਪਿੰਡ ਦੇ ਮੀਟਰ ਚੈੱਕ ਕਾਰਨ ਇਹ ਰਹੇ ਸਾਂ ਤਾਂ ਇਕਦਮ ਹੀ ਪਿੰਡ ਦੇ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਲੋਕਾਂ ਵੱਲੋਂ ਸਾਡੇ ਮੁਲਾਜ਼ਮਾਂ ਤੇ ਹਮਲੇ ਕਰ ਦਿੱਤੇ ਤੇ ਤੂੰ ਤੂੰ ਮੈਂ ਮੈਂ ਦੌਰਾਨ ਸਾਨੂੰ ਉਥੋਂ ਪਿੰਡ ਵਿੱਚੋਂ ਭੱਜਣਾ ਪਿਆ ਤੇ ਅਸੀਂ ਕਿਸੇ ਦੇ ਵੀ ਲੀੜੇ ਨਹੀਂ ਪਾੜੇ ਅਤੇ ਵੱਡੀ ਗਿਣਤੀ ਵਿੱਚ ਜਿੱਥੇ ਪਿੰਡ ਦੇ ਬੰਦੇ ਪਹੁੰਚੇ ਹੋਏ ਸਨ ਉਥੇ ਹੀ ਵੱਡੀ ਗਿਣਤੀ ਵਿੱਚ ਔਰਤਾਂ ਵੀ ਸਾਡੇ ਮੁਲਾਜ਼ਮਾਂ ਨੂੰ ਗਾਲ ਮੰਦਾ ਕਰ ਰਹੀਆਂ ਸਨ ਇਸ ਸਬੰਧੀ ਵੱਡੀ ਗਿਣਤੀ ਵਿੱਚ ਪੁਲਿਸ ਪ੍ਰਸ਼ਾਸਨ ਵੱਲੋਂ ਪਹੁੰਚ ਕੇ ਮਸਲੇ ਨੂੰ ਸ਼ਾਂਤ ਕਰਨ ਦਾ ਯਤਨ ਕਰ ਰਹੇ ਸਨ ਇਸ ਸਬੰਧੀ ਡੀਐਸਪੀ ਧਰਮਿੰਦਰ ਕਲਿਆਣ ਡੀਐਸਪੀ ਇੰਦਰਜੀਤ ਸਿੰਘ ਨੇ ਮੌਕੇ ਤੇ ਪਹੁੰਚ ਕੇ ਅਮਨਦੀਪ ਜੈਂਤੀਪੁਰ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਜੋ ਵੀ ਕਾਰਵਾਈ ਬਣਦੀ ਹੈ ਪਿੰਡ ਵਾਸੀਆਂ ਦੇ ਬਿਆਨਾਂ ਦੇ ਅਧਾਰ ਤੇ ਕਰਨਗੇ ਅਤੇ ਧਰਨਾ ਚੁੱਕ ਲਿਆ ਗਿਆ ਇਸ ਸਬੰਧੀ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਧਰਨਾ ਸਮਾਪਤੀ ਤੋਂ ਬਾਅਦ ਪਹੁੰਚਾ ਤੇ ਉਹਨਾਂ ਗੱਲਬਾਤ ਕਰਦਿਆਂ ਕਿਹਾ ਕਿ ਇੱਕ ਪਾਸੇ ਸਰਕਾਰ 600 ਜੁੰਟ ਦੀ ਮਾਫੀ ਦੀ ਗੱਲ ਕਰ ਰਹੀ ਹੈ ਤੇ ਦੂਜੇ ਪਾਸੇ ਗਰੀਬ ਘਰਾਂ ਦੀ ਚੈਕਿੰਗ ਕਰਕੇ ਉਹਨਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਜਿਸ ਕਰਕੇ ਅੱਜ ਪਿੰਡ ਵਿੱਚ ਤਕਰਾਰ ਹੋ ਗਿਆ ਅਤੇ ਪਿੰਡ ਵਾਸੀਆਂ ਨੂੰ ਕੋਈ ਇਨਸਾਫ ਨਾ ਮਿਲਣ ਕਰਕੇ ਉਹਨਾਂ ਵੱਲੋਂ ਨੈਸ਼ਨਲ ਹਾਈਵੇ ਜਾਮ ਕੀਤਾ ਗਿਆ ਇਸ ਸਬੰਧੀ ਐਮਪੀ ਔਜਲੇ ਨੇ ਕਿਹਾ ਕਿ ਜੇਕਰ ਪੀੜਤ ਪਰਿਵਾਰਾਂ ਨੂੰ ਇਨਸਾਫ ਨਾ ਮਿਲਿਆ ਤਾਂ ਉਹਨਾਂ ਨੂੰ ਮਜਬੂਰਨ ਪਰਿਵਾਰ ਦੇ ਹੱਕ ਵਿੱਚ ਆਉਣਾ ਪਵੇਗਾ ਇਸ ਇਸ ਮੌਕੇ ਦੋ ਤਿੰਨ ਸੀਨੀਅਰ ਕਾਂਗਰਸੀ ਆਗੂ ਅਮਨਦੀਪ ਸਿੰਘ ਗਿੰਤੀਪੁਰ ਸੰਦੀਪ ਸਿੰਘ ਕਾਲੂ ਜੀਤੀਪੁਰ ਸਰਪੰਚ ਗੁਰਮੀਤ ਸਿੰਘ ਬਲ ਅੱਡਾ ਜੈਂਤੀਪੁਰ ਸਾਬਕਾ ਸਰਪੰਚ ਗੁਰਨਾਮ ਸਿੰਘ ਚਾਚੋਵਾਲੀ ਬੋਬੀ ਸੋਢੀ ਹੈਪੀ ਜੰਤੀਪੁਰ ਨੰਬਰਦਾਰ ਨਿਰਮਲ ਸਿੰਘ ਕੈਚੋਵਾਲੀ ਸਧੀਰ ਕੁਮਾਰ ਸੋਨੂ ਸੋਢੀ ਡਿੰਪਲ ਸੋਢੀ ਲਵਦੀਪ ਸਿੰਘ ਬੱਲ ਗੋਪਾਲ ਸਿੰਘ ਖੋਸਲਾ ਮੰਨੂ ਖੋਸਲਾ ਮੰਗਲ ਸਿੰਘ ਚੌਧਰੀ ਸ਼ਮਸ਼ੇਰ ਸਿੰਘ ਸ਼ੇਰਾ ਗੁਰਪ੍ਰੀਤ ਸਿੰਘ ਪ੍ਰਭ ਦਿਆਲ ਸਿੰਘ ਸਾਬਕਾ ਸਰਪੰਚ ਘਸੀੜਪੁਰ ਬਾਊ ਬਾਲ ਸ਼ੇਖੂਪੁਰਾ ਹਰਪਾਲ ਸਿੰਘ ਸੇਖੂਪੁਰਾ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਔਰਤਾਂ ਹਾਜ਼ਰ ਸਨ।

**☛ ਅਮਨਦੀਪ ਜੈਂਤੀਪੁਰ ਦੀ ਅਗਵਾਈ ਚ ਸ਼ੇਖੂਪੁਰ ਮੋੜ ਤੇ ਕੀਤਾ ਹਾਈਵੇ ਜਾਮ**

### ਪੇਂਡੂ ਵੋਟਾਂ ਤੋਂ ਬਾਅਦ, ਸ਼ਹਿਰਾਂ ਲਈ

# ਤਿਆਰ ਬਰ ਤਿਆਰ ਹੈ ਆਮ ਆਦਮੀ ਪਾਰਟੀ : ਘੁੱਲੀ/ ਢਿੱਲੋਂ

ਧੂਰੀ ( ਰਣਜੀਤ ਸਿੰਘ ਪੇਧਨੀ ) ਬਲਾਕ ਸੰਮਤੀ ਅਤੇ ਜ਼ਿਲਾ ਪਰਿਸ਼ਦ ਚੋਣਾਂ ਵਿੱਚ ਚੰਗਾ ਪ੍ਰਦਰਸ਼ਨ ਕਰਨ ਤੋਂ ਬਾਅਦ ਹੁਣ ਸ਼ਹਿਰਾਂ ਦੀਆਂ ਮਿਉਂਸਪਲ ਕਮੇਟੀ ਦੀਆਂ ਚੋਣਾਂ ਲਈ ਆਮ ਆਦਮੀ ਪਾਰਟੀ ਤਿਆਰ ਬਰ ਤਿਆਰ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਮੰਤਰੀ ਦੇ ਦਫਤਰ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਅਤੇ ਦਫਤਰ ਇੰਚਾਰਜ ਦਲਵੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਕੀਤਾ।ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਕੀਤੇ ਗਏ ਕੰਮਾਂ ਨੂੰ ਲੋਕਾਂ ਨੇ ਹਾਂ ਪੱਖੀ ਹੁੰਗਾਰਾ ਦਿੱਤਾ ਹੈ। ਜਿਸ ਤੇ ਚਲਦੇ ਜ਼ਿਲਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਬਹੁਮਤ ਮਿਲਿਆ ਹੈ।ਪੰਜਾਬ ਦੇ ਸ਼ਹਿਰਾਂ ਅੰਦਰ ਆਮ ਆਦਮੀ ਪਾਰਟੀ ਦੇ ਕੀਤੇ ਗਏ ਕੰਮਾਂ ਨੂੰ ਹਾਂ ਪੱਖੀ ਹੁੰਗਾਰਾ ਮਿਲ ਰਿਹਾ ਹੈ ਉਨ੍ਹਾਂ ਕਿਹਾ ਕਿ ਜ਼ਿਲਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਤਿੰਨੋ ਮੁੱਖ ਵਿਰੋਧੀ ਪਾਰਟੀਆਂ ਚੋਣਾਂ ਰਲ ਕੇ ਲੜੀਆਂ ਹਨ ਪਰ ਉਹਨਾਂ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਮੁਕਾਬਲਾ ਨਹੀਂ ਹੋਇਆ। ਪਾਰਦਰਸ਼ਤਾ ਨਾਲ ਲੋਕਾਂ ਦੇ ਹੋਣ ਵਾਲੇ ਕੰਮ ਅਤੇ ਕਰੱਪਸ਼ਨ ਨੂੰ ਪਾਈ ਜਾ ਰਹੀ ਨੱਥ ਲੋਕਾਂ ਨੂੰ ਪਸੰਦ ਆਈ ਹੈ ਅਤੇ ਲੋਕਾਂ ਨੇ ਸਮਝਿਆ ਹੈ ਕਿ ਆਮ ਘਰਾਂ ਦੇ ਧੀਆਂ ਪੁੱਤਰ ਹੀ ਲੋਕ ਪੱਖੀ ਕੰਮ ਕਰ ਸਕਦੇ ਹਨ।ਭਗਵੰਤ ਮਾਨ ਨੇ ਜਿਸ ਤਰ੍ਹਾਂ ਇਮਾਨਦਾਰੀ ਨੂੰ ਮੁੱਖ ਰੱਖ ਕੇ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਸਾਂਭੀ ਹੈ ਅਤੇ ਲੋਕ ਪੱਖੀ ਕੰਮ ਕੀਤੇ ਹਨ ਅਤੇ ਲੋਕਾਂ ਦੀ ਬੇਹਤਰੀ ਨੂੰ ਮੁੱਖ ਰੱਖਦੇ ਹੋਏ ਯੋਜਨਾਵਾਂ ਬਣਾਈਆਂ ਹਨ,ਉਹ ਸਭ ਦੇ ਸਾਹਮਣੇ ਹਨ, ਇਸ ਦੇ ਚਲਦੇ ਹੀ ਆਮ ਆਦਮੀ ਪਾਰਟੀ ਹਰ ਚੋਣਾਂ ਵਿੱਚ ਚੰਗਾ ਪ੍ਰਦਰਸ਼ਨ ਕਰ ਰਹੀ।



# ਪਿੰਡ ਚੰਨਣਕੇ ਵਿਖੇ ਦਸ਼ਮੇਸ਼ ਪਿਤਾ ਜੀ ਦੇ ਪਵਿੱਤਰ ਪਾਵਨ ਅਵਤਾਰ ਦਿਹਾੜੇ ਨੂੰ ਸਮਰਪਿਤ ਪ੍ਰਭਾਤ ਫੇਰੀ ਆਰੰਭ



**ਚੌਕ ਮਹਿਤਾ, 31ਦਸੰਬਰ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਾਹਿਬੇ ਕਮਾਲ, ਅਮ੍ਰਿਤ ਦੇ ਦਾਨੀ, ਸਰਬੰਸਦਾਨੀ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤਰ ਪਾਵਨ ਅਵਤਾਰ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਬਾਬਾ ਚੰਨਣ ਜੀ ਚੰਨਣਕੇ ਤੋਂ ਨੋਜਵਾਨਾਂ ਵੱਲੋਂ ਪਿੰਡ ਚੰਨਣਕੇ ਵਿਚ ਪ੍ਰਭਾਤ ਫੇਰੀ ਆਰੰਭ ਕੀਤੀਆ ਗਈਆ ਅਮ੍ਰਿਤ ਵੇਲੇ ਗੁਰਦੁਆਰਾ ਬਾਬਾ ਚੰਨਣ ਜੀ ਤੋਂ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਕੇ ਪ੍ਰਭਾਤ ਫੇਰੀ ਆਰੰਭ ਕੀਤੀ ਗਈ ਅਤੇ ਪਿੰਡ ਦੀਆਂ ਪ੍ਰਕਰਾਮਾ ਕਰਦੇ ਹੋਏ ਭਾਈ ਕੁਲਜੀਤ ਸਿੰਘ ਗ੍ਰਹਿ ਵਿਖੇ ਪਾਉਂਦੀ ਜਿੱਥੇ ਅਮ੍ਰਿਤ ਵੇਲੇ ਤੋਂ ਪਵਿੱਤਰ ਪਾਵਨ ਗੁਰਬਾਣੀ ਸੁਖਮਨੀ ਸਾਹਿਬ ਜੀ ਜਾਪੁ ਹੋਏ ਫਿਰ ਨੋਜਵਾਨਾਂ ਨੇ ਸ਼ਬਦ ਕੀਰਤਨ ਦੇ ਜਾਪੁ ਬੜੇ ਹੀ ਸ਼ਰਧਾ ਭਾਵਨਾ ਨਾਲ ਕੀਤੇ ਭਾਈ ਕੁਲਜੀਤ ਸਿੰਘ ਦੇ ਸਮੂਹ ਪਰਿਵਾਰ ਵੱਲੋਂ ਸੰਗਤਾਂ ਜੀ ਆਇਆਂ ਆਖਿਆ ਅਤੇ ਬੜੇ ਪ੍ਰੇਮ ਨਾਲ ਚਾਹ ਅਤੇ ਬਦਾਨੇ ਦੇ ਲੰਗਰ ਛੱਕਿਆ ਗਿਆ ਅਤੇ ਸੇਵਾਦਾਰ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ , ਬਾਬਾ ਸੁਖਵੰਤ ਸਿੰਘ ਚੰਨਣਕੇ ਨੇ ਪ੍ਰਵਾਰ ਅਤੇ ਸਮੂਹ ਸੰਗਤਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਬੇਨਤੀ ਕੀਤੀ। ਇਸ ਮੌਕੇ ਤੇ ਚੇਅਰਮੈਨ ਸਤਨਾਮ ਸਿੰਘ ਨਾਹਰਾ, ਡਾ, ਮਲਕੀਅਤ ਸਿੰਘ, ਗੁਰਤੇਜ ਸਿੰਘ ਵੈਰੋ ਨੰਗਲ,ਲਵਜੋਤ ਸਿੰਘ ਜਲੂਪੁਰ ਖੇੜੇ,ਸੁਖਮਨ ਸਿੰਘ, ਬਾਬਾ ਭਿੰਦੂ,ਅਰਮਾਨਦੀਪ ਸਿੰਘ ਡੇਅਰੀਵਾਲ,ਜਸਕਰਨ ਸਿੰਘ, ਜਥੇਦਾਰ ਗੁਰਮੇਜ ਸਿੰਘ, ਸਾਹਿਲ ਪ੍ਰੀਤ ਸਿੰਘ,ਵੰਸਦੀਪ ਸਿੰਘ, ਜਸ਼ਨਦੀਪ ਸਿੰਘ, ਅਰਸ਼ਦੀਪ ਸਿੰਘ, ਗੁਰਬਾਜ਼ ਸਿੰਘ, ਗੁਰਵਿੰਦਰ ਸਿੰਘ, ਸੁਖਦੇਵ ਸਿੰਘ, ਜਥੇਦਾਰ ਤਰਸੇਮ ਸਿੰਘ ਬਾਬਾ ਗੁਰਮੇਜ ਸਿੰਘ ਆਦਿ ਸੇਵਾਦਾਰ ਹਾਜਰ ਸਨ।

# ਸਰਪੰਚ ਦਲਜੀਤ ਸਿੰਘ ਘਰਾਚੋ ਦੇ ਯੂਥ ਵਿੰਗ ਦਾ ਪ੍ਰਧਾਨ ਬਣਨ ਨਾਲ ਨੌਜਵਾਨਾਂ ਵਿਚ ਉਤਸ਼ਾਹ ਪੈਦਾ ਹੋਇਆ : ਆਪ ਆਗੂ



ਧੂਰੀ / ਸੰਗਾਲਾ ( ਰਣਜੀਤ ਸਿੰਘ ਪੇਧਨੀ ) ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਅਤੇ ਪੰਜਾਬ ਪ੍ਰਧਾਨ ਅਮਨ ਅਰੋੜਾ ਸਮੇਤ ਪਾਰਟੀ ਦੇ ਹਾਈ ਕਮਾਂਡ ਨੇ ਪਿੰਡ ਘਰਾਚੋ ਦੇ ਸਰਪੰਚ ਦਲਜੀਤ ਸਿੰਘ ਘੁਮਾਣ ਨੂੰ ਜ਼ਿਲਾ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਦਾ ਨਿਯੁਕਤ ਕੀਤਾ ਗਿਆ ਹੈ । ਸਰਪੰਚ ਦਲਜੀਤ ਸਿੰਘ ਘਰਾਚੋ ਨੂੰ ਯੂਥ ਵਿੰਗ ਦੇ ਜਿਲ੍ਹਾ ਪ੍ਰਧਾਨ ਬਣਨ ਤੇ ਮੁਬਾਰਕਬਾਦ ਦਿੰਦਿਆਂ ਆਪ ਦੇ ਸੀਨੀਅਰ ਆਗੂ ਅਮਰੀਕ ਸਿੰਘ ਸੋਹੀ ਚੇਅਰਮੈਨ ਵੇਰਕਾ ਮਿਲਕ ਪਲਾਂਟ ਸੰਗਰੂਰ, ਸਰਪੰਚ ਅੰਮ੍ਰਿਤ ਚਹਿਲ ਘਨੌਰੀ ਮੈਂਬਰ ਜਿਲ੍ਹਾ ਪ੍ਰੀਸ਼ਦ , ਆਪ ਆਗੂ ਰਮਨਦੀਪ ਸਿੰਘ ਜਵੰਧਾ, ਸਰਪੰਚ ਲਾਲੀ ਬੰਗਾਵਾਲੀ , ਆਪ ਆਗੂ ਖਾਨ ਕਹੇਰੂ ਅਤੇ ਆਪ ਆਗੂ ਅਵਤਾਰ ਸਿੰਘ ਭਸੌੜ ਨੇ ਕਿਹਾ ਕਿ ਸਰਪੰਚ ਦਲਜੀਤ ਸਿੰਘ ਘਰਾਚੋ ਦੇ ਜਿਲ੍ਹਾ ਪ੍ਰਧਾਨ ਬਣਨ ਨਾਲ ਨੌਜਵਾਨਾਂ ਵਿਚ ਨਵਾਂ ਜੋਸ ਪੈਦਾ ਹੋਇਆ ਹੈ। ਆਪ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਕਿਹਾ ਉਹ ਕਰਕੇ ਦਿਖਾ ਰਹੀ ਹੈ। ਆਪ ਨੇ ਆਪ ਘਰਾਂ ਦੇ ਮੁੰਡਿਆਂ ਨੂੰ ਉਚਿਆਂ ਅਹੁਦਿਆਂ ਬਿਠਾ ਕੇ ਇਕ ਮਿਸਾਲ ਪੈਦਾ ਕੀਤੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਪੰਥ ਵਸੇ ਮੈ ਉਜੜਾਂ ਮੰਨ ਚਾਓ ਘਨੇਰਾ

# ਸਿੱਖ ਨੌਜਵਾਨ ਵਰਗ ਨੂੰ ਵੰਗਾਰ

☛ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਉਪਰ ਨੀਵੇ ਪੱਧਰ ਦੀ ਸਿਆਸੀ ਖੇਡ ਬੰਦ ਹੋਣੀ ਚਾਹੀਦੀ ਹੈ

☛ ਅਖੌਤੀ ਸਥਾਪਤ ਧਾਰਮਿਕ ਅਤੇ ਰਾਜਸੀ ਲੀਡਰਸ਼ਿਪ ਤੋ ਖਹਿੜਾ ਛੁਡਾਏ ਬਿਨਾਂ ਸਿੱਖ ਧਰਮ ਨਹੀ ਬਚਣਾ



ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਮਾਮਲੇ ਵਿੱਚ ਬਹੁਤ ਹੀ ਨੀਵੇਂ ਪੱਧਰ ਦੀ ਸਿਆਸਤ ਖੇਡੀ ਜਾ ਰਹੀ ਹੈ ।ਸਾਡੇ ਸਿਆਸਤਦਾਨ ਅਤੇ ਧਾਰਮਿਕ ਆਗੂ ਇਸ ਹੱਦ ਤੱਕ ਗਿਰ ਗਏ ਹਨ ਕਿ ਉਹ ਧਰਮ ਨੂੰ ਗੇਂਦ ਸਮਝ ਕੇ ਖੇਡ ਰਹੇ ਹਨ ।ਇੱਕ ਪਾਸੇ ਪੰਜਾਬ ਦਾ ਨਸ਼ੇੜੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਸਦੇ ਨਾਲ ਸਿੱਖਾਂ ਦੇ ਧੜਿਆਂ ਵਿੱਚੋਂ ਸਰਕਾਰ ਦੇ ਕੁੱਝ ਤਾਜ਼ੇ ਬਣੇ ਪਿੱਠੂ ਹਨ ।ਦੂਜੇ ਪਾਸੇ ਕੌਮਘਾਤੀ ਬਾਦਲ ਪ੍ਰਵਾਰ ਦਾ ਦੁਮਛੱਲਾ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਅਖੌਤੀ ਜੱਥੇਦਾਰ ਕੁਲਦੀਪ ਸਿੰਘ ਗੜਗੱਜ , ਸ੍ਰੋਮਣੀ ਕਮੇਟੀ ਦਾ ਬੇਗੈਰਤ ਪ੍ਰਧਾਨ SGPC ਧਾਮੀ ਅਤੇ ਬਾਦਲਾਂ ਦੇ ਤਲੇਚੱਟ ਅਖੌਤੀ ਆਗੂ ਹਨ ।ਬਹੁਤ ਸਾਰੇ ਮੇਰੇ ਵਰਗੇ ਤਮਾਸ਼ਬੀਨ ਹਨ ,ਜੋ ਖੰਡਾਂ ਬ੍ਰਹਿਮੰਡ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਉੱਤੇ ਖੇਡੀ ਜਾ ਰਹੀ ਗੰਦੀ ਸਿਆਸੀ ਖੇਡ ਨੂੰ ਚੁੱਪ ਕਰਕੇ ਦੇਖ ਰਹੇ ਹਨ ।

ਸ੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਕਾਲ ਤਖ਼ਤ ਦਾ ਜੱਥੇਦਾਰ ਕਈ ਅਖ਼ਬਾਰੀ ਬਿਆਨਾਂ ਰਾਹੀਂ ਪੰਜਾਬ ਸਰਕਾਰ ਨੂੰ ਚਿਤਾਵਨੀ ਦੇ ਚੁੱਕੇ ਹਨ ਕਿ ਸਰਕਾਰ ਪੰਥ ਦੇ ਮਾਮਲਿਆਂ ਵਿੱਚ ਦਖਲ ਤੋ ਬਾਜ਼ ਆਵੇ ।ਪਰ ਪੰਜਾਬ ਦੇ ਨਸ਼ੇੜੀ ਅਤੇ ਦਿੱਲੀ ਦੇ ਬਾਣੀਆ ਦੇ ਝੋਲੀਚੱਕ ਮੁੱਖ ਮੰਤਰੀ ਨੇ ਦੋਹਾਂ ਦੇ ਬਿਆਨਾਂ ਨੂੰ ਕੰਧ ਉੱਤੇ ਭੋਕਦੇ ਡੱਬੂ ਜਿੰਨੀ ਅਹਿਮੀਅਤ ਵੀ ਨਹੀ ਦਿੱਤੀ ਹੈ ।ਜੇਕਰ ਧਾਮੀ ਅਤੇ ਗੜਗੱਜ ਦੇ ਪੱਲੇ ਰਤੀ ਭਰ ਵੀ ਇਖਲਾਕ ਹੁੰਦਾ ਤਾਂ ਇਹ ਡੁੱਬ ਮਰਨ ਵਾਲੀ ਗੱਲ ਸੀ ।ਸਾਡੀਆਂ ਸੰਸਥਾਵਾਂ ਦੇ ਵਕਾਰ ਨੂੰ ਇਸ ਹੱਦ ਤੱਕ ਕਿਸ ਨੇ ਪਹੁੰਚਾਇਆ ਹੈ ? ਜਸਵੰਤ ਸਿੰਘ ਖਾਲੜਾ ਸਾਹਿਬ ਦੇ ਅਗਵਾ ਹੋਣ ਤੋ ਬਾਅਦ ਕੁੱਝ ਸਿੱਖ ਜੱਥੇਦਾਰ ਅਤੇ ਗੁਰਚਰਨ ਸਿੰਘ ਟੋਹੜਾ ਸਮੇਤ ਉਸ ਸਮੇਂ ਦੇ ਮੁੱਖ ਮੰਤਰੀ ਪੰਜਾਬ ਹਰਚਰਨ ਸਿੰਘ ਬਰਾੜ ਨੂੰ ਮਿਲਣ ਗਏ ,ਟੋਹੜਾ ਸਾਹਿਬ ਦੀ ਕਾਰ ਬਿਨਾਂ ਸਕਿਉਰਟੀ ਚੈੱਕ ਮੁੱਖ ਮੰਤਰੀ ਦੀ ਕੋਠੀ ਦੀ ਪੋਰਚ ਵਿੱਚ ਜਾ ਕੇ ਰੁੱਕੀ ਤਾਂ ਮੁੱਖ ਮੰਤਰੀ ਨੇ ਕਾਰ ਦੀ ਬਾਰੀ ਖੋਹਲ ਕੇ ਪਹਿਲਾਂ ਜੱਥੇਦਾਰ ਟੋਹੜਾ ਦੇ ਪੈਰੀ ਹੱਥ ਲਾਏ ।ਇਹ ਵੀ ਕੋਈ ਗੱਲ ਨਹੀ ਕਿ ਜੱਥੇਦਾਰ ਟੋਹੜਾ ਇਖਲਾਕ ਦੀ ਬੁਲੰਦ ਮੂਰਤ ਸਨ ,ਪਰ ਉਹਨਾਂ ਰੁਤਬੇ ਦੀ ਸ਼ਾਨ ਤਾਂ ਬਣਾ ਕੇ ਰੱਖੀ ਸੀ ।ਇਕ ਪਾਸੇ ਸਾਡੇ ਇਹ ਪ੍ਰਧਾਨ ਤੇ ਜੱਥਦਾਰ ਜਿਹਨਾ ਨੂੰ ਕੋਈ ਟਕੇ ਸੇਰ ਨਹੀ ਪੁਛਦਾ ।ਇਹ ਗੱਲ ਸੱਚ ਹੈ ਕਿ ਬਾਦਲ ਪ੍ਰਵਾਰ ਨੇ ਪਿਛਲੇ ਤਿੰਨ ਦਹਾਕਿਆਂ ਵਿੱਚ ਸਾਡੀਆਂ ਸੰਸਥਾਵਾਂ ਦੇ ਵਕਾਰ ਅਤੇ ਮਰਿਯਾਦਾ ਨੂੰ ਅਰਸ਼ੋਂ ਫ਼ਰਸ਼ ਉੱਪਰ ਪਹੁੰਚਾ ਦਿੱਤਾ ਹੈ ।ਪਰ ਸਵਾਲ ਇਹ ਵੀ ਹੈ ਕਿ ਇਸ ਦੌਰਾਨ ਸਾਡੇ ਸੈਂਕੜੇ ਬਾਬੇ ,ਧਾਰਮਿਕ ਸੰਸਥਾਵਾਂ ,ਵਿਦਵਾਨ ,ਖਾਲਿਸਤਾਨੀ ਯੋਧੇ ਅਤੇ ਪ੍ਰਚਾਰਕ ਸ਼੍ਰੇਣੀ ਇਸ ਹੱਦ ਤੱਕ ਨਿਪੁੰਸਕ ਹੋ ਗਏ ਸਨ ਕਿ ਸਾਡੇ ਧਰਮ ਨੂੰ ਲੱਗ ਰਹੇ ਇਸ ਖੋਰੇ ਖਿਲਾਫ ਪ੍ਰਭਾਵਸ਼ਾਲੀ ਆਵਾਜ਼ ਵੀ ਨਾ ਬਣ ਸਕੇ ।

ਇਹ ਸੱਚ ਹੈ ਕਿ ਬਾਦਲ ਅਤੇ ਉਹਨਾਂ ਦਾ ਖੁਸ਼ਾਮਦੀ ਟੋਲਾ ਇਖਲਾਕ ਪੱਖੋ ਕੌਮਘਾਤ ਤੱਕ ਪਹੁੰਚ ਚੁੱਕਾ ਹੈ ।ਪਰ ਇਸ ਗੱਲ ਵਿੱਚ ਵੀ ਕੋਈ ਅਤਕਥਨੀ ਨਹੀ ਸਾਡੀ ਹਰ ਵੰਨਗੀ ਦੇ ਆਗੂ ਅਤੇ ਪ੍ਰਚਾਰਕ ਜਮਾਤ ਸਿੱਖ ਇਖਲਾਕ ਦੇ ਮਾਮਲੇ ਵਿੱਚ ਘੁਣ ਖਾਧੀ ਕਣਕ ਵਰਗੇ ਹੋ ਚੁੱਕੇ ਹਨ ।ਚੌਧਰ ਦੀ ਭੁੱਖ ,ਸਰਕਾਰ ਦਾ ਅਸਰ ਕਬੂਲਣ ਜਿਹੀ ਕਮਜੋਰੀ ,ਬੇਲੋੜੇ ਧਾਰਮਿਕ ਮਤਭੇਦਾਂ ਦੀ ਭਰਮਾਰ ,ਨਿੱਜਪ੍ਰਸਤੀ ਅਤੇ ਹਉਮੈ ਨੇ ਸਾਨੂੰ ਸਾਡੇ ਕੌਮੀ ਫ਼ਰਜ਼ਾਂ ਤੋ ਪੂਰੀ ਤਰ੍ਹਾਂ ਬੇਖਬਰ ਕਰ ਦਿੱਤਾ ਹੈ ।ਇਸ ਸਥਿਤੀ ਨੇ ਕੌਮ ਵਿੱਚ ਚੰਗੇ-ਮਾੜੇ ਦੀ ਪਛਾਣ ਪ੍ਰਤੀ ਭੰਬਲ਼ਭੂਸਾ ਪੈਦਾ ਕੀਤਾ ਹੋਇਆ ਹੈ ।ਹਾਲਾਤ ਨੂੰ ਕਿਸੇ ਫੌਲਾਦੀ ਇਖਲਾਕ ਤੋ ਬਿਨਾਂ ਮੋੜਾ ਨਹੀ ਦਿੱਤਾ ਜਾ ਸਕਦਾ ।ਕੌਮ ਦੇ ਹਕੀਕੀ ਦਰਦਮੰਦਾਂ ਨੂੰ ਧੜੇਬੰਦਕ ਵਲਗਣਾਂ ਅਤੇ ਜੱਥੇਬੰਦਕ ਦਾਇਰਿਆਂ ਤੋਂ ਆਜ਼ਾਦ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਕਮਰਕੱਸੇ ਕਰਨ ਦੀ ਲੋੜ ਹੈ ਜਾਵੇ ਪਹਿਲੇ ਸਰਕਾਰੀ ਮਸੰਦਾਂ ਪਾਸੋ ਦਰਬਾਰ ਸਹਿਬ ਅਕਾਲ ਤਖਤ ਸਹਿਬ ਕਰਵਾਇਆ ਸੀ ਹੁੱਣ ਸਥਾਪਤ ਰਾਜਸੀ ਅਤੇ ਧਾਰਮਿਕ ਲੀਡਰਸ਼ਿਪ ਤੋਂ ਖਹਿੜਾ ਛੁਡਵਾਏ ਬਿਨਾਂ ਸਿੱਖ ਧਰਮ ਬਚਦਾ ਨਹੀਂ ਜਾਪਦਾ ਵਾਹਿਗੁਰੂ ਸਾਹਿਬ ਬਹੁੜੀ ਕਰਨ ਹੁੱਣ ਤਾਂ ਸਿੱਖ ਨੌਜਵਾਨ ਵਰਗ ਪੰਜਾਬ ਅਤੇ ਪੰਜਾਬੀਅਤ ਲਈ ਧਾਰਮਿਕ ਅਤੇ ਸਿਆਸੀ ( ਮਦਾਨ ) ਵਿੱਚ ਉਤਰਨ ਤਾਂ ਹੀ ਸਿੱਖੀ ਸਰੂਪ, ਪੰਜਾਬ ਪੰਜਾਬੀਅਤ ਬੱਚ ਸਕਦੇ ਹਨ ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ,

**-ਇਕਬਾਲ ਸਿੰਘ ਤੁੰਗ ਸਾਬਕਾ ਨਿੱਜੀ ਸਕਤਰ ਜਥੇਦਾਰ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ**

ਮਾਨ ਸਰਕਾਰ ਵਲੋਂ ਗੰਦੀ ਰਾਜਨੀਤੀ ਤਹਿਤ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਵਰੂਪ ਮਾਮਲੇ ਤੇ ਦਰਜ਼ ਹੋਇਆ ਕੇਸ ਪੰਜਾਬ ਦੀਆਂ ਸਮੱਸਿਆਵਾਂ ਤੋਂ ਧਿਆਨ ਹਟਾਉਣ ਲਈ: ਰਾਜਿੰਦਰ ਸਿੰਘ ਪੁਰੇਵਾਲ/ ਰਘਬੀਰ ਸਿੰਘ

# ਸਰਕਾਰ ਵਲੋਂ ਇਸ ਮਸਲੇ ਤੇ ਰਾਜਨੀਤੀ ਨਾ ਕਰਕੇ ਨਸ਼ੇ, ਫਿਰੌਤੀਆਂ, ਗੈਂਗਸਟਰਾਂ ਨੂੰ ਠੱਲ੍ਹ ਪਾਉਣ ਲਈ ਹੋਣੇ ਚਾਹੀਦੇ ਹਨ ਉਦਮ



ਨਵੀਂ ਦਿੱਲੀ 31 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਪਿਛਲੇ ਕਈ ਸਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਿਸਾਬ ਨਾ ਰੱਖਣ ਸੰਬੰਧੀ ਚਰਚਾ ਹੁੰਦੀ ਆ ਰਹੀ ਹੈ। ਸਾਡੇ ਆਪਣੇ ਧਾਰਮਿਕ ਆਗੂ ਹੀ ਬਿਆਨ ਬਾਜ਼ੀ ਕਰ ਰਹੇ ਹਨ ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੇ ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਆਪਣੇ ਸਟਾਫ ਉੱਤੇ ਕਾਰਵਾਈ ਕਰ ਚੁੱਕੀ ਹੈ। ਪੰਜਾਬ ਦੀ ਆਪ ਸਰਕਾਰ ਵੱਲੋਂ ਹੁਣ ਫਿਰ ਇਸ ਸਬੰਧੀ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਸਿਰਫ ਗੰਦੀ ਰਾਜਨੀਤੀ ਤਹਿਤ ਪੰਜਾਬ ਦੀਆਂ ਸਮੱਸਿਆਵਾਂ ਤੋਂ ਧਿਆਨ ਹਟਾਉਣ ਲਈ ਦਰਜ ਕੀਤਾ ਗਿਆ ਹੈ। ਪੰਜਾਬ ਸਰਕਾਰ ਨੂੰ ਨਸ਼ਿਆਂ, ਰਿਸ਼ਵਤ, ਫਿਰੌਤੀਆਂ, ਗੈਂਗਸਟਰਾਂ ਵੱਲੋਂ ਲੋਕਾਂ ਨੂੰ ਬਲੈਕਮੇਲ ਕਰਕੇ ਵਸੂਲੀਆਂ ਕਰਨ ਤੋਂ ਰੋਕਣ ਲਈ ਧਿਆਨ ਦੇਣਾ ਚਾਹੀਦਾ ਹੈ। ਸਿੰਘ ਸਭਾ ਗੁਰਦੁਆਰਾ ਡਰਬੀ ਦੇ ਮੁੱਖ ਸੇਵਾਦਾਰ ਰਘਬੀਰ ਸਿੰਘ ਅਤੇ ਜਨਰਲ ਸਕੱਤਰ ਰਾਜਿੰਦਰ ਸਿੰਘ ਪੁਰੇਵਾਲ ਨੇ ਇਹ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਜਦੋਂ ਸੱਚਾ ਸੌਦਾ ਵੱਲੋਂ ਬਰਗਾੜੀ ਬੇਅਦਬੀ ਹੋਈ ਸੀ, ਉਥੇ ਪੰਥਕ ਇਕੱਠ ਵਿੱਚ ਉਸ ਵੇਲੇ ਦੇ ਆਪ ਪਾਰਟੀ ਦਾ ਪਾਰਲੀਮੈਂਟ ਮੈਂਬਰ ਭਗਵੰਤ ਸਿੰਘ ਮਾਨ ਸ਼ਰਾਬ ਪੀ ਕੇ ਸਟੇਜ ਉੱਤੇ ਆ ਕੇ ਬੈਠ ਗਿਆ ਸੀ ।ਉਸ ਵੇਲੇ ਨੌਜਵਾਨਾਂ ਵੱਲੋਂ ਉਹਨੂੰ ਖਿੱਚ ਕੇ ਸਟੇਜ ਤੋਂ ਲਾਹਿਆ ਗਿਆ ਸੀ। ਉਦੋਂ ਮੈਂ ਆਪ ਉਥੇ ਮੌਜੂਦ ਸੀ। ਨੌਜਵਾਨ ਉਸ ਨੂੰ ਕੁੱਟਣ ਨੂੰ ਫਿਰਦੇ ਸਨ। ਸ: ਪੁਰੇਵਾਲ ਨੇ ਕਿਹਾ ਕਿ ਮੈਂ ਆਪ ਨੌਜਵਾਨਾਂ ਨੂੰ ਰੋਕਿਆ ਸੀ ਕਿ ਕੁੱਟੋ ਨਾ, ਤੇ ਮਾਨ ਨੂੰ ਉਥੋਂ ਚਲੇ ਜਾਣ ਲਈ ਕਿਹਾ ਸੀ ਕਿ ਉਹ ਚਲੇ ਜਾਵੇ। ਜੇ ਮੈਂ ਉਥੇ ਹਾਜ਼ਰ ਨਾ ਹੁੰਦਾ, ਕੁੱਝ ਵੀ ਹੋ ਸਕਦਾ ਸੀ। ਸ਼੍ਰੋਮਣੀ ਕਮੇਟੀ ਦੇ ਸਕੂਲਾਂ, ਕਾਲਜਾਂ, ਹਸਪਤਾਲਾਂ ਅਤੇ ਇਤਿਹਾਸਕ ਗੁਰਦੁਆਰਾ ਸਾਹਿਬਾਂ ਵਿੱਚ 22 ਹਜਾਰ ਦੇ ਕਰੀਬ ਸਟਾਫ ਕੰਮ ਕਰਦਾ ਹੈ। ਜਿਨ੍ਹਾਂ ਕੰਮ ਕਰਨ ਵਾਲਿਆਂ ਨੇ ਗਲਤੀ ਕੀਤੀ ਸੀ, ਸ਼੍ਰੋਮਣੀ ਕਮੇਟੀ ਉਹਨਾਂ ਖਿਲਾਫ ਕਾਰਵਾਈ ਕਰ ਚੁੱਕੀ ਹੈ ।ਉਹਨਾਂ ਕਿਹਾ ਕਿ ਇਸ ਮੁੱਦੇ ਤੇ ਰਾਜਨੀਤੀ ਬੰਦ ਹੋਣੀ ਚਾਹੀਦੀ ਹੈ। ਸਾਰੀਆਂ ਸੰਸਥਾਵਾਂ ਸਤਿਕਾਰ ਯੋਗ ਹਨ, ਉਹਨਾਂ ਨੂੰ ਪੰਜਾਬ ਦੇ ਭਲੇ ਲਈ ਲਾਮਬੰਦ ਹੋਣਾ ਚਾਹੀਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਜਾਇਆ ਵਿਸ਼ਾਲ ਨਗਰ ਕੀਰਤਨ



**ਫ਼ਿਰੋਜ਼ਪੁਰ, 31 ਦਸੰਬਰ (ਮਨੋਹਰ ਲਾਲ) :—** ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜਾਦੇ ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਅਤੇ ਸਿੱਖ ਕੌਮ ਦੇ ਮਹਾਨ ਸਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਮਹਾਨ ਤੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਪੰਜ ਨਿਸ਼ਾਨਚੀ ਅਤੇ ਗੁਰੂ ਸਾਹਿਬ ਜੀ ਦੇ ਝੂਲਦੇ ਨਿਸ਼ਾਨ ਹੇਠ ਚਲਿਆ। ਇਸ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਦੀ ਦੇਖ—ਰੇਖ ਚਲਿਆ। ਇਹ ਮਹਾਨ ਨਗਰ ਕੀਰਤਨ ਗੁਰਦੁਆਰਾ ਛੱਪੜੀ ਸਾਹਿਬ ਤੋਂ ਪਿੰਡ ਤੂਤ, ਸਾਧਾਂ ਵਾਲਾ, ਘੋਨੀ ਵਾਲਾ, ਡੱਲੇ ਵਾਲਾ, ਨੱਥਲ ਵਾਲਾ, ਗੋਲੇਵਾਲਾ, ਬੇਗੂਵਾਲਾ, ਘੁਗਿਆਣਾ, ਝੋਨੀ ਵਾਲਾ, ਢਿੱਲਵਾਂ ਖੁਰਦ, ਡੋਡ, ਚੁੱਘੇ ਵਾਲਾ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਛੱਪੜੀ ਸਾਹਿਬ ਵਿਖੇ ਸਮਾਪਤੀ ਦੀ ਅਰਦਾਸ ਹੋਈ। ਇਸ ਵਿਸ਼ਾਲ ਨਗਰ ਕੀਰਤਨ ਵਿਚ ਬੈਂਡਵਾਜੇ ਗੱਤਕਾ ਪਾਰਟੀ ਖਿੱਚ ਦਾ ਕੇਂਦਰ ਸਨ ਅਤੇ ਸਾਰਾ ਦਿਨ ਕੀਰਤਨ ਜਥਿਆਂ ਵੱਲੋਂ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਪਿੰਡਾਂ ਵਾਲਿਆਂ ਨੇ ਸੋਹਣੇ ਗੇਟ ਸਜਾਏ ਹੋਏ ਸੀ ਅਤੇ ਸੰਗਤਾਂ ਲਈ ਫਰੂਟ ਦੀ ਸੇਵਾ, ਚਾਹ ਦੀ ਸੇਵਾ, ਪਕੌੜਿਆਂ ਦੀ ਸੇਵਾ, ਹਲਵੇ ਦੀ ਸੇਵਾ, ਖੀਰ ਦੀ ਸੇਵਾ ਤੋਂ ਇਲਾਵਾ ਅਨੇਕਾਂ ਪਰਿਵਾਰਾਂ ਦੇ ਲੰਗਰ ਲਾਏ ਹੋਏ ਸੀ। ਇਸ ਮੌਕੇ ਤੇ ਵੱਖ—ਵੱਖ ਪੜਾਵਾਂ ਵਿਚ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ, ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਦਰਸਾਏ ਹੋਏ ਮਾਰਗ ਤੇ ਚਲਕੇ ਆਪਣਾ ਜੀਵਨ ਸਫਲ ਬਣਾਓ ਅਤੇ ਵੱਧ ਤੋਂ ਵੱਧ ਖੰਡੇ ਬਾਟੇ ਦਾ ਅੰਮ੍ਰਿਤ ਛਕੋ, ਨਾਮ ਜਪੋ, ਬਾਣੀ ਪੜ੍ਹੋ ਤਾਂ ਹੀ ਅਸੀਂ ਗੁਰੂ ਸਾਹਿਬ ਜੀ ਤੋਂ ਖੁਸ਼ੀਆਂ ਲੈ ਸਕਦੇ ਹਾਂ। ਇਸ ਮੌਕੇ ਤੇ ਭਾਈ ਹਰਪਿੰਦਰ ਸਿੰਘ ਗੁਰਦੁਆਰਾ ਛੱਪੜੀ ਸਾਹਿਬ ਨੇ ਨਗਰ ਕੀਰਤਨ ਵਿਚ ਬਹੁਤ ਭਾਰੀ ਸੇਵਾ ਕੀਤੀ ਅਤੇ ਨੰਬਰਵਾਰ ਗੱਡੀਆਂ ਨੂੰ ਲੁਆ ਕੇ ਸੇਵਾ ਕੀਤੀ। ਸਟੇਜ਼ ਦੀ ਸੇਵਾ ਭਾਈ ਹਰਜੀਤ ਸਿੰਘ ਤੂਤ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ।

## ਬੈਂਕ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਮੰਗਾਂ ਨੂੰ ਲੈ ਕੇ ਕੀਤਾ ਰੋਹ ਪ੍ਰਦਰਸ਼ਨ




ਫ਼ਿਰੋਜ਼ਪੁਰ, 31 ਦਸੰਬਰ (ਮਨੋਹਰ ਲਾਲ) :— ਯੂਨਾਈਟਿਡ ਫੌਰਮ ਆਫ ਬੈਂਕ ਯੂਨੀਅਨ ਦੇ ਸੱਦੇ ਹੇਠ 5 ਦਿਨੀਂ ਬੈਕਿੰਗ ਦੀ ਮੰਗ ਲਈ ਫ਼ਿਰੋਜ਼ਪੁਰ ਸ਼ਹਿਰ ਵਿਚ ਸਮੂਹ ਬੈਂਕਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਪੁਰਜ਼ੋਰ ਢੰਗ ਨਾਲ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਦੌਰਾਨ ਸਟੇਟ ਬੈਂਕ ਆਫ ਇੰਡੀਆ ਦੀ ਊਧਮ ਸਿੰਘ ਚੌਂਕ ਬਰਾਂਚ ਵਿਖੇ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਇਹ ਪ੍ਰਮੁੱਖ ਮੰਗ 11ਵੇਂ ਅਤੇ 12ਵੇਂ ਵੇਜ਼ ਸੈਟਲਮੈਂਟ ਵਿਚ ਪ੍ਰਵਾਨ ਕੀਤੀ ਗਈ ਸੀ, ਪਰ ਅੱਜ 7 ਸਾਲ ਦੀ ਦੇਰੀ ਅਤੇ ਇੰਤਜਾਰ ਤੋਂ ਬਾਅਦ ਵੀ ਲਾਗੂ ਨਹੀਂ ਕੀਤਾ ਗਿਆ ਹੈ। ਅੱਜ ਦੇ ਦੇਸ਼ ਵਿਆਪੀ ਪ੍ਰਦਰਸ਼ਨ ਰਾਹੀਂ ਬੈਂਕ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਆਈ.ਬੀ.ਏ ਅਤੇ ਡੀ.ਐਫ.ਐਸ ਨੂੰ ਇਸ ਮੰਗ ਨੂੰ ਬੈਂਕਾਂ ਵਿਚ ਜਲਦ ਲਾਗੂ ਕਰਨ ਲਈ ਚੇਤਾ ਆ ਗਿਆ। ਯੂਨੀਅਨ ਨੇਤਾਵਾਂ ਇਹ ਵੀ ਦੱਸਿਆ ਕਿ ਇਸ ਮੰਗ ਦੇ ਪੂਰੀ ਨਾ ਹੋਣ ਦੀ ਸੂਰਤ ਵਿਚ ਇਸ ਸੰਘਰਸ਼ ਨੂੰ ਪੂਰੇ ਦੇਸ਼ ਭਰ ਵਿਚ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵੱਖ—ਵੱਖ ਬੈਂਕਾਂ ਦੇ ਰਾਜ ਪੱਧਰੀ, ਜ਼ੋਨਲ ਅਤੇ ਰੀਜਨਲ ਸੀਨੀਅਰ ਆਗੂਆਂ ਨੇ ਸੰਬੋਧਨ ਕੀਤਾ। ਇਸ ਪ੍ਰਦਰਸ਼ਨ ਮੌਕੇ ਕਾਮਰੇਡ ਪਰੇਮ ਸ਼ਰਮਾ, ਸੁਖਪਾਲ ਸਿੰਘ, ਗੁਰਲਾਲ ਸਿੰਘ, ਰੋਹਿਤ ਧਵਨ, ਜਤਿੰਦਰ ਸਿੰਘ, ਬੱਲੀ ਬਾਦਲ, ਮਨਪ੍ਰੀਤ ਸਿੰਘ ਜੱਸਲ, ਅਸ਼ਵਨੀ ਸ਼ਰਮਾ, ਜਗਮੋਹਨ ਸਿੰਘ, ਰਮਿੰਦਰ ਸਿੰਘ, ਪਰਦੀਪ ਕੱਕੜ, ਸੁਖਦੀਪ ਕੌਰ, ਨੀਤੀ ਗੁਪਤਾ ਸਮੇਤ ਵੱਡੀ ਗਿਣਤੀ ਵਿਚ ਬੈਂਕ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

## ਵੱਧ ਰਹੀ ਠੰਡ ਅਤੇ ਧੁੰਦ ਕਾਰਨ ਸਕੂਲਾਂ ਦਾ ਸਮਾਂ ਬਦਲਣ ਦੀ ਮੰਗ : ਪਾਠਕ




ਧੂਰੀ/ਸੰਗਾਲਾ ( ਰਣਜੀਤ ਸਿੰਘ ਪੇਧਨੀ ) ਪੰਜਾਬ ਵਿੱਚ ਚੱਲੀ ਸਿੱਖਿਆ ਕਰਾਂਤੀ ਸਭ ਤੋਂ ਮੋਹਰੀ ਰੋਲ ਨਿਭਾਉਣ ਵਾਲੇ ਸਿੱਖਿਆ ਕ੍ਰਾਂਤੀ ਦੇ ਹਲਕਾ ਕੋਆਰਡੀਨੇਟਰ ਦਰਸ਼ਨ ਸਿੰਘ ਪਾਠਕ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਵਧ ਰਹੀ ਠੰਡ ਅਤੇ ਧੁੰਦ ਕਾਰਨ ਸਕੂਲਾਂ ਦੇ ਸਮੇਂ ਵਿੱਚ ਤਬਦੀਲੀ ਦੀ ਮੰਗ ਕਰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਅਪੀਲ ਕਰਦਿਆਂ ਕਿਹਾ ਕਿ ਸਕੂਲ ਲੱਗਣ ਦਾ ਸਮਾਂ 10 ਵਜੇ ਕੀਤਾ ਜਾਵੇ ਤਾਂ ਕਿ ਠੰਡ ਅਤੇ ਧੁੰਦ ਕਾਰਨ ਕੋਈ ਅਣਹੋਣੀ ਨਾ ਵਾਪਰ ਸਕੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਸਕੂਲਾਂ ਦਾ ਸਮਾਂ ਬਦਲਿਆ ਜਾਵੇ। ਪਿਛਲੇ ਸਾਲਾਂ ਵਿੱਚ ਧੁੰਦ ਕਾਰਨ ਬਹੁਤ ਸਾਰੇ ਸੜਕੀ ਹਾਦਸਿਆਂ ਨਾਲ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਜਾਨੀ ਨੁਕਸਾਨ ਵੀ ਹੋਇਆ ਹੈ। ਉਨ੍ਹਾਂ ਕਿਹਾ ਕਿ ਸਮਾਂ ਬਦਲਣ ਨਾਲ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਵੀ ਵਾਧਾ ਹੋਵੇਗਾ ਅਤੇ ਸਮਾਂ ਬਦਲਣ ਕਾਰਨ ਵਿਦਿਆਰਥੀ ਛੁੱਟੀ ਲੈਣ ਤੋਂ ਵੀ ਗੁਰੇਜ਼ ਕਰਨਗੇ।



# ਨਵੇਂ ਸਾਲ ਦੀਆਂ ਸਮੂਹ ਦੇਸ਼ਾਂ ਅਤੇ ਵਿਦੇਸ਼ਾਂ ਦੀਆਂ ਸੰਗਤਾਂ ਨੂੰ 2026 ਦਿਨ ਵੀਰਵਾਰ ਆਰੰਭਤਾ ਹੋਣੀ ਹੈ। ਵਾਹਿਗੁਰੂ ਜੀ ਸਾਰਿਆ ਨੂੰ ਚੜ੍ਹਦੀ ਕਲਾ, ਲੰਮੀਆਂ ਉਮਰਾਂ, ਇਜ਼ਤ ਮਾਨ ਵਡਿਆਈਆ ,ਭਜਨ ਬੰਦਗੀ ਅਤੇ ਸੇਵਾ ਨਿਤਨੇਮ ਬਖਸ਼ਿਸ਼ ਕਰਨ ਜੀ।

ਆਵਾਜ਼ਿ ਕੌਮ AWAZE QAUM International Newspaper & WEB TV

--★ ਵੱਲੋਂ ★--

# ਬਾਬਾ ਸੁਖਵੰਤ ਸਿੰਘ ਚੰਨਣਕੇ ਚੌਂਕ ਮਹਿਤਾ

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ,ਮਾਤਾ ਗੁਜਰ ਕੌਰ ਜੀ ਅਤੇ ਸਮੂਹ ਸ਼ਹੀਦਾ ਸਿੰਘਾਂ ਦੀ ਯਾਦ ਵਿੱਚ

# ਗੁਰਦੁਆਰਾ ਗੁਰੂ ਅੰਗਦ ਦੇਵ ਜੀ ਸਾਲਜ਼ਬਰਗ ਅਸਟਰੀਆ ਯੂਰਪ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਗਿਆ

## ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਨੇ ਹਾਜਰੀ ਭਰੀ






















(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਮਿਤੀ 28 - 12 - 2025 ਨੂੰ ਗੁਰਦੁਆਰਾ ਗੁਰੂ ਅੰਗਦ ਦੇਵ ਜੀ ਸਾਲਜਬਰਗ ਅਸਟਰੀਆ ਵਿਖੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁੱਜਰ ਕੌਰ ਜੀ ਅਤੇ ਸਮੂਹ ਸ਼ਹੀਦਾਂ ਸਿੰਘਾਂ ਦੀ ਯਾਦ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਗੁਰੂ ਘਰ ਦੇ ਗ੍ਰੰਥੀ ਭਾਈ ਪ੍ਰਭਜੋਤ ਸਿੰਘ ਵੱਲੋਂ ਇਤਿਹਾਸ ਦੀ ਵਿਚਾਰ ਕੀਤੀ ਗਈ। ਇਟਲੀ ਤੋਂ ਪਹੁੰਚੇ ਭਾਈ ਸਤਨਾਮ ਸਿੰਘ ਜੀ ਸਰਹਾਲੀ ਵਾਲਿਆਂ ਦੇ ਜਥੇ ਨੇ ਕਵੀਸ਼ਰੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ।ਭਾਈ ਹਰਮੇਲ ਸਿੰਘ ਪ੍ਰਧਾਨ ਪ੍ਰਬੰਧਕ ਕਮੇਟੀ ਵੱਲੋਂ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ ।ਇਸ ਟਾਈਮ ਭਾਈ ਸਾਗਰਪਾਲ ਸਿੰਘ ਜੀ ਸੀਨੀਅਰ ਮੀਤ ਪ੍ਰਧਾਨ ਵੱਲੋਂ ਜੀ ਆਇਆ ਕਿਹਾ ਅਤੇ ਧੰਨਵਾਦ ਕੀਤਾ। ਇਸੇ ਤਰ੍ਹਾਂ ਸਲਵਾਗ ਤੋਂ ਪ੍ਰਬੰਧਕ ਕਮੇਟੀ ਵੀ ਨਵੇਂ ਗੁਰਦੁਆਰੇ ਵਾਸਤੇ ਉਗਰਾਹੀ ਕਰਨ ਲਈ ਮੌਜੂਦ ਸੀ। ਇਸੇ ਤਰ੍ਹਾਂ ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਵੱਲੋਂ ਵਿਸ਼ੇਸ਼ ਤੌਰ ਤੇ ਪਹੁੰਚ ਕੇ ਹਾਜ਼ਰੀ ਭਰੀ ਅਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਿੱਥੇ ਚਾਰ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਦਾ ਜ਼ਿਕਰ ਕੀਤਾ ਉਥੇ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਅਤੇ ਅਮਿਤ ਸ਼ਾਹ ਗ੍ਰਹਿ ਮੰਤਰੀ ਨੇ ਚਾਰ ਸਾਹਿਬਜ਼ਾਦੇ ਸ਼ਹੀਦੀ ਦਿਹਾੜੇ ਮਨਾ ਕੇ ਵਧੀਆ ਕਦਮ ਦੱਸਿਆ ਅਤੇ ਬਿਨਾਂ ਸ਼ਰਤ ਬੰਦੀ ਸਿੰਘਾਂ ਦੀ ਰਿਹਾਈ ਯਕੀਨੀ ਉਪਰਾਲਾ ਕਰਨ ਦੀ ਅਪੀਲ ਕੀਤੀ ।ਇਸ ਟਾਈਮ ਗੁਰੂ ਕਾ ਲੰਗਰ ਅਤੁੱਟ ਵਰਤਿਆ। ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜਰੀ ਭਰੀ ।ਇਸ ਮੌਕੇ ਰਵਿੰਦਰ ਸਿੰਘ ਰੈਂਸੀ, ਸੁਰਿੰਦਰ ਸਿੰਘ ,ਪਵਨੀਤ ਸਿੰਘ ਪੰਨੂ, ਭਾਈ ਹਰਪ੍ਰੀਤ ਸਿੰਘ ਪੰਮਾ ਪ੍ਰਧਾਨ ਇਨਸਬਰੁਕ ,ਭਾਈ ਗੁਰਪ੍ਰੀਤ ਖਹਿਰਾ ,ਰਜੀਵ ਕੁਮਾਰ ਨਾਗਪਾਲ ਅਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ। ••

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243